ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2517 | 7 July, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਇੰਡੋਨੇਸ਼ੀਆਈ ਰਾਸ਼ਟਰਪਤੀ ਨੇ ਜਕਾਰਤਾ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ ਸਵਾਗਤ

ਜਕਾਰਤਾ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੋਮਵਾਰ ਦੁਪਹਿਰ ਜਕਾਰਤਾ ਪਹੁੰਚੇ, ਇੰਡੋਨੇਸ਼ੀਆ ਦੇ ਆਪਣੇ ਦੋ ਦਿਨਾਂ ਦੌਰੇ ਦੀ ਸ਼ੁਰੂਆਤ ਕਰਦੇ ਹੋਏ। ਇੱਥੇ ਪਹੁੰਚਣ ਤੇ ਰਾਸ਼ਟਰਪਤੀ ਪ੍ਰਬੋਵੋ ਸੁਬਿਆਂਤੋ ਨੇ ਨਿੱਜੀ ਤੌਰ 'ਤੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਨਿੱਘਾ ਸਵਾਗਤ ਕੀਤਾ। ਇੰਡੋਨੇਸ਼ੀਆਈ ਹਵਾਈ ਸੈਨਾ ਦੇ ਲੜਾਕੂ ਜਹਾਜ਼ ਭਾਰਤੀ ਪ੍ਰਧਾਨ ਮੰਤਰੀ ਦੇ ਜਹਾਜ਼ ਦੇ ਇੰਡੋਨੇਸ਼ੀਆਈ ਹਵਾਈ ਖੇਤਰ ਵਿੱਚ ਦਾਖਲ ਹੋਣ ਤੋਂ ਬਾਅਦ ਉਨ੍ਹਾਂ ਦੇ ਨਾਲ ਸਨ। ਹਵਾਈ ਅੱਡੇ 'ਤੇ, ਪ੍ਰਧਾਨ ਮੰਤਰੀ ਮੋਦੀ ਦਾ ਰਵਾਇਤੀ ਇੰਡੋਨੇਸ਼ੀਆਈ ਤੌਰ ਤੇ ਸਵਾਗਤ ਕੀਤਾ ਗਿਆ। ਯਾਤਰਾ ਦੌਰਾਨ, ਪ੍ਰਧਾਨ ਮੰਤਰੀ ਮੋਦੀ ਇੰਡੋਨੇਸ਼ੀਆਈ ਰਾਸ਼ਟਰਪਤੀ ਨਾਲ ਦੁਵੱਲੀ ਗੱਲਬਾਤ ਕਰਨਗੇ ਅਤੇ ਸਾਂਝੇਦਾਰੀ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕਰਨਗੇ। ਇੰਡੋਨੇਸ਼ੀਆ ਪ੍ਰਧਾਨ ਮੰਤਰੀ ਮੋਦੀ ਦੇ ਤਿੰਨ ਦੇਸ਼ਾਂ ਦੇ ਦੌਰੇ ਦਾ ਪਹਿਲਾ ਪੜਾਅ ਹੈ। ਇਸ ਤੋਂ ਬਾਅਦ ਹਫ਼ਤੇ ਦੇ ਅੰਤ ਵਿੱਚ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਦੌਰੇ ਹੋਣਗੇ। ਆਪਣੇ ਰਵਾਨਗੀ ਬਿਆਨ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਇੰਡੋਨੇਸ਼ੀਆਈ ਰਾਸ਼ਟਰਪਤੀ ਪ੍ਰਬੋਵੋ ਸੁਬਿਆਂਤੋ ਦੇ ਸੱਦੇ 'ਤੇ 6-8 ਜੁਲਾਈ ਤੱਕ ਇੰਡੋਨੇਸ਼ੀਆ ਵਿੱਚ ਰਹਿਣਗੇ। "2018 ਵਿੱਚ ਇੰਡੋਨੇਸ਼ੀਆ ਦੀ ਮੇਰੀ ਪਹਿਲੀ ਫੇਰੀ ਦੌਰਾਨ ਭਾਰਤ ਅਤੇ ਇੰਡੋਨੇਸ਼ੀਆ ਨੇ ਦੁਵੱਲੇ ਸਬੰਧਾਂ ਨੂੰ ਇੱਕ ਵਿਆਪਕ ਰਣਨੀਤਕ ਭਾਈਵਾਲੀ ਤੱਕ ਵਧਾ ਦਿੱਤਾ ਸੀ।

ਸਾਡੇ ਦੁਵੱਲੇ ਸਬੰਧਾਂ ਦੀ ਉਚਾਈ ਤੋਂ ਬਾਅਦ ਇਹ ਮੇਰੀ ਪਹਿਲੀ ਦੁਵੱਲੀ ਫੇਰੀ ਹੋਵੇਗੀ ਅਤੇ ਰਾਸ਼ਟਰਪਤੀ ਪ੍ਰਬੋਵੋ ਦੀ ਸਰਕਾਰੀ ਫੇਰੀ ਤੋਂ ਬਾਅਦ ਹੈ, ਜੋ 26 ਜਨਵਰੀ, 2025 ਨੂੰ ਸਾਡੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਸਨ, ਪ੍ਰਧਾਨ ਮੰਤਰੀ ਨੇ ਕਿਹਾ। ਉਨ੍ਹਾਂ ਕਿਹਾ ਕਿ ਭਾਰਤ ਅਤੇ ਇੰਡੋਨੇਸ਼ੀਆ ਮਜ਼ਬੂਤ ਸੱਭਿਅਤਾ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧ ਸਾਂਝੇ ਕਰਦੇ ਹਨ, ਅਤੇ ਇਹ ਫੇਰੀ "ਸਾਡੀ ਬਹੁਪੱਖੀ ਭਾਈਵਾਲੀ ਦੇ ਸਾਰੇ ਪਹਿਲੂਆਂ ਨੂੰ ਹੋਰ ਡੂੰਘਾ ਕਰੇਗੀ"। "ਇਸ ਫੇਰੀ ਦੌਰਾਨ, ਮੈਂ ਇੰਡੋਨੇਸ਼ੀਆ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਵੀ ਗੱਲਬਾਤ ਕਰਾਂਗਾ ਅਤੇ ਰਾਸ਼ਟਰਪਤੀ ਪ੍ਰਬੋਵੋ ਨਾਲ ਯੋਗਿਆਕਾਰਤਾ ਵਿਖੇ



ਪ੍ਰੰਬਨਨ ਮੰਦਰ ਕੰਪਲੈਕਸ ਦਾ ਦੌਰਾ ਕਰਾਂਗਾ, ਜੋ ਕਿ ਸਾਡੇ ਨੇੜਲੇ ਸੱਭਿਆਚਾਰਕ ਸਬੰਧਾਂ ਦਾ ਇੱਕ ਹੋਰ ਮਹੱਤਵਪੂਰਨ ਪ੍ਰਮਾਣ ਹੈ," ਉਨ੍ਹਾਂ ਅੱਗੇ ਕਿਹਾ। ਇੰਡੋਨੇਸ਼ੀਆ ਨਾਲ ਭਾਰਤ ਦੇ ਰੱਖਿਆ ਅਤੇ ਸੁਰੱਖਿਆ ਸਹਿਯੋਗ ਵਿੱਚ ਉੱਚ-ਪੱਧਰੀ ਦੌਰਿਆਂ, ਨਿਯਮਤ ਦੁਵੱਲੇ ਅਤੇ ਬਹੁਪੱਖੀ ਅਭਿਆਸਾਂ ਅਤੇ ਡੂੰਘੇ ਰੱਖਿਆ ਉਦਯੋਗ ਸਹਿਯੋਗ-ਬ੍ਰਹਮੋਸ ਦੀ ਵਿਕਰੀ ਸਮੇਤ-ਦੁਆਰਾ ਵਧੀ ਹੋਈ ਗਤੀ ਅਤੇ ਵਿਸਥਾਰ ਦੇ ਦਾਇਰੇ ਨੂੰ ਦੇਖਿਆ ਗਿਆ ਹੈ।

ਸਮੁੰਦਰੀ ਗੁਆਂਢੀ ਹੋਣ ਦੇ ਨਾਤੇ, ਦੋਵਾਂ ਦੇਸ਼ਾਂ ਨੇ 2018 ਵਿੱਚ ਭਾਰਤ-ਇੰਡੋਨੇਸ਼ੀਆ ਸਮੁੰਦਰੀ ਸਹਿਯੋਗ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਅਪਣਾਇਆ। ਆਈਐਫਸੀ-ਆਈਓਆਰ ਵਿਖੇ ਇੱਕ ਇੰਡੋਨੇਸ਼ੀਆਈ ਸੰਪਰਕ ਅਧਿਕਾਰੀ ਦੀ ਤਾਇਨਾਤੀ ਸਮੁੰਦਰੀ ਖੇਤਰ ਦੀ ਜਾਗਰੂਕਤਾ ਨੂੰ ਹੋਰ ਹੁਲਾਰਾ ਦੇਵੇਗੀ। ਭਾਰਤ ਐਨਡੀਏ ਅਤੇ ਡੀਐਸਐਸਸੀ ਵਿੱਚ ਇੰਡੋਨੇਸ਼ੀਆਈ ਕੈਡਿਟਾਂ ਅਤੇ ਅਧਿਕਾਰੀਆਂ ਲਈ ਸਲਾਟ ਵੀ ਨਿਰਧਾਰਤ ਕਰੇਗਾ ਜੋ ਰੱਖਿਆ ਸਮਰੱਥਾ ਨਿਰਮਾਣ ਨੂੰ ਵਧਾਏਗਾ। 'ਵਿਕਸਤ ਭਾਰਤ 2047' ਅਤੇ 'ਏਮਾਸ (ਗੋਲਡਨ) ਇੰਡੋਨੇਸ਼ੀਆ 2045' ਦੇ ਵਿਕਾਸ ਦ੍ਰਿਸ਼ਟੀਕੋਣਾਂ ਵਿਚਕਾਰ ਵੀ ਮਜ਼ਬੂਤ ਤਾਲਮੇਲ ਹੈ। ਇੰਡੋਨੇਸ਼ੀਆ 2025-26 ਵਿੱਚ 24.78 ਬਿਲੀਅਨ ਅਮਰੀਕੀ ਡਾਲਰ ਦੇ ਦੁਵੱਲੇ ਵਪਾਰ ਦੇ ਨਾਲ ਆਸੀਆਨ ਖੇਤਰ ਵਿੱਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਵਜੋਂ ਉਭਰਿਆ ਹੈ। ਇੰਡੋਨੇਸ਼ੀਆ ਵਿੱਚ 130 ਤੋਂ ਵੱਧ ਭਾਰਤੀ ਕੰਪਨੀਆਂ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਕਰਦੀਆਂ ਹਨ।

# ਈਰਾਨ ਦੇ ਸਾਬਕਾ ਸੁਪਰੀਮ ਲੀਡਰ ਖਾਮੇਨੇਈ ਦੀ ਅੰਤਿਮ ਯਾਤਰਾ ਸ਼ੁਰੂ

## ਵਿਦਾਇਗੀ ਲਈ ਲੱਖਾਂ ਦੀ ਗਿਣਤੀ ਵਿੱਚ ਜੁਟੇ ਲੋਕ

ਤਹਿਰਾਨ
ਸਾਂਝੀ ਸੋਚ ਬਿਊਰੋ

ਈਰਾਨ ਦੇ ਸਾਬਕਾ ਸੁਪਰੀਮ ਲੀਡਰ ਆਯਤੁੱਲਾ ਅਲੀ ਖਾਮੇਨੇਈ ਦੀ ਕਈ ਦਿਨਾਂ ਤੱਕ ਚੱਲਣ ਵਾਲੀ ਅੰਤਿਮ ਯਾਤਰਾ ਦੀ ਸ਼ੁਰੂਆਤ ਸੋਮਵਾਰ ਸਵੇਰੇ ਤਹਿਰਾਨ ਵਿੱਚ ਹੋਈ। ਅੰਤਿਮ ਯਾਤਰਾ ਵਿੱਚ ਸ਼ਾਮਲ ਹੋਣ ਲਈ ਲੱਖਾਂ ਦੀ ਗਿਣਤੀ ਵਿੱਚ ਲੋਕ ਸੜਕਾਂ ਤੇ ਜੁਟੇ ਹਨ। ਅੰਤਿਮ ਯਾਤਰਾ ਸ਼ੁਰੂ ਕਰਨ ਲਈ ਖਾਮੇਨੇਈ ਦੇ ਮ੍ਰਿਤਕ ਸਰੀਰ ਨੂੰ ਗ੍ਰੈਂਡ ਮੋਸੱਲਾ ਤੋਂ ਲਿਜਾਇਆ ਗਿਆ। ਇਹ ਯਾਤਰਾ ਲਗਭਗ 10 ਕਿਲੋਮੀਟਰ ਲੰਬੇ ਰਸਤੇ ਤੋਂ ਲੰਘੇਗੀ ਅਤੇ 10 ਤੋਂ 12 ਘੰਟਿਆਂ ਦੇ ਵਿਚਕਾਰ ਚੱਲਣ ਦੀ ਉਮੀਦ ਹੈ। ਅੰਤਿਮ ਯਾਤਰਾ ਤੋਂ ਬਾਅਦ, ਖਾਮੇਨੇਈ ਦੇ ਸਰੀਰ ਨੂੰ ਹੋਰ ਧਾਰਮਿਕ ਰਸਮਾਂ ਲਈ ਕੋਮ ਲਿਜਾਇਆ ਜਾਵੇਗਾ।



ਪੂਰੇ ਰਸਤੇ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਅਤੇ ਵੱਡੀ ਗਿਣਤੀ ਵਿੱਚ ਸਰਕਾਰੀ ਅਧਿਕਾਰੀ, ਧਾਰਮਿਕ ਆਗੂ ਅਤੇ ਸੀਨੀਅਰ ਫੌਜੀ ਅਧਿਕਾਰੀ ਇਸ ਵਿੱਚ ਹਿੱਸਾ ਲੈ ਰਹੇ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**



# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਮੋਦੀ ਸਰਕਾਰ ਦੇ ਬਾਰਾਂ ਵਰ੍ਹੇ ਲੋਕਾਂ ਦੇ ਸੁਪਨਿਆਂ ਦਾ ਘਾਣ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ-ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜ਼ਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿੱਚੋਂ ਰੋਟੀ ਖੋਹ ਲੈਂਦਾ ਹੈ?

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ੍ਹ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ।

ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿੱਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸ਼ਾਸਨ ਵਿੱਚ ਦੇਖਣ ਨੂੰ ਨਹੀਂ ਮਿਲਿਆ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ।

ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

ਤੁਮ ਸੇ ਪਹਿਲੇ ਵੋ ਜੋ ਏਕ ਸ਼ਖ਼ਸ ਯਹਾਂ ਤਖ਼ਤ ਨਸ਼ੀਂ ਥਾ,
ਉਸ ਕੋ ਭੀ ਅਪਨੇ ਖੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ।

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿੱਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਆਸਟਰੇਲੀਆ ਸੱਤਵੀਂ ਵਾਰ ਵਿਸ਼ਵ ਚੈਂਪੀਅਨ ਇੰਗਲੈਂਡ ਨੂੰ 7 ਵਿਕਟਾਂ ਨਾਲ ਹਰਾਇਆ

ਬ੍ਰੈਂਟਵੁੱਡ
ਸਾਂਝੀ ਸੋਚ ਬਿਊਰੋ

ਲੰਡਨ ਵਿੱਚ ਖੇਡੇ ਜਾ ਰਹੇ ਮਹਿਲਾ ਟੀ-20 ਵਿਸ਼ਵ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਇੰਗਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਨਿਰਧਾਰਿਤ 20 ਓਵਰਾਂ ਵਿੱਚ 4 ਵਿਕਟਾਂ ਦੇ ਨੁਕਸਾਨ ’ਤੇ 150 ਦੌੜਾਂ ਬਣਾਈਆਂ। ਇਸ ਇਕਤਰਫ਼ਾ ਫਾਈਨਲ ਮੁਕਾਬਲੇ ਵਿੱਚ ਆਸਟਰੇਲਿਆਈ ਮਹਿਲਾ ਟੀਮ ਨੇ ਇੰਗਲੈਂਡ ਨੂੰ 7 ਵਿਕਟਾਂ ਨਾਲ ਹਰਾ ਕੇ ਸੱਤਵੀਂ ਵਾਰ ਮਹਿਲਾ ਟੀ-20 ਵਿਸ਼ਵ ਕੱਪ ਦੀ ਟਰਾਫ਼ੀ ਆਪਣੇ ਨਾਮ ਕਰ ਲਈ। ਇੰਗਲੈਂਡ ਵੱਲੋਂ ਮਿਲੇ 151 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਆਸਟਰੇਲਿਆਈ ਟੀਮ ਨੇ ਦੂਜੀ ਵਿਕਟ ਲਈ ਬੈਥ ਮੂਨੀ ਅਤੇ ਫੋਬੀ ਲਿਚਫੀਲਡ ਵਿਚਕਾਰ ਹੋਈ ਸ਼ਾਨਦਾਰ ਸੈਂਕੜੇ ਵਾਲੀ ਸਾਂਝੇਦਾਰੀ ਦੀ ਬਦੌਲਤ ਇਹ ਮੈਚ 17 ਗੇਂਦਾਂ ਬਾਕੀ ਰਹਿੰਦਿਆਂ ਹੀ ਬਹੁਤ ਆਸਾਨੀ ਨਾਲ ਜਿੱਤ ਲਿਆ।

ਇਸ ਤੋਂ ਪਹਿਲਾਂ ਇੰਗਲੈਂਡ ਦੀ ਕਪਤਾਨ ਨੈਟ ਸਾਈਵਰ ਬਰੰਟ ਨੇ 53 ਗੇਂਦਾਂ ਵਿੱਚ 5 ਚੌਕਿਆਂ ਦੀ ਮਦਦ ਨਾਲ ਨਾਬਾਦ 58 ਦੌੜਾਂ ਦੀ ਸ਼ਾਨਦਾਰ ਅਰਧ-ਸੈਂਕੜੇ ਵਾਲੀ ਪਾਰੀ ਖੇਡੀ। ਉਸ ਨੇ ਫਰੇਆ ਕੈਂਪ (ਨਾਬਾਦ 44 ਦੌੜਾਂ) ਨਾਲ ਮਿਲ ਕੇ ਪੰਜਵੀਂ ਵਿਕਟ ਲਈ 55 ਗੇਂਦਾਂ ਵਿੱਚ 80 ਦੌੜਾਂ ਦੀ ਸਾਂਝੇਦਾਰੀ ਕੀਤੀ। ਕੈਂਪ ਨੇ ਤੇਜ਼ ਤਰਾਰ ਪਾਰੀ ਖੇਡੀ। ਇਸ ਤੋਂ ਪਹਿਲਾਂ ਛੇ ਵਾਰ ਦੀ ਚੈਂਪੀਅਨ ਆਸਟਰੇਲਿਆਈ ਟੀਮ ਨੇ ਟਾਸ ਜਿੱਤ ਕੇ ਇੰਗਲੈਂਡ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਸੀ। ਆਸਟਰੇਲਿਆਈ ਗੇਂਦਬਾਜ਼ਾਂ ਨੇ ਸ਼ੁਰੂਆਤ ਵਿੱਚ ਇੰਗਲੈਂਡ ਨੂੰ ਕਈ ਝਟਕੇ ਦਿੱਤੇ। ਦੂਜੇ ਹੀ ਓਵਰ ਵਿੱਚ ਲੂਸੀ ਹੈਮਿਲਟਨ ਨੇ ਐਮੀ ਜੋਨਸ (6) ਨੂੰ ਆਊਟ ਕਰਕੇ ਪਹਿਲੀ ਸਫ਼ਲਤਾ ਹਾਸਲ ਕੀਤੀ। ਇਸ ਤੋਂ ਬਾਅਦ ਐਨਾਬੈਲ ਸਦਰਲੈਂਡ ਨੇ ਸ਼ਾਨਦਾਰ ਫਾਰਮ ਵਿੱਚ ਚੱਲ ਰਹੀ ਡੈਨੀ ਵਾਟ ਹੌਜ (8) ਨੂੰ ਆਊਟ ਕਰਕੇ ਇੰਗਲੈਂਡ ਨੂੰ ਵੱਡਾ ਝਟਕਾ ਦਿੱਤਾ। ਐਲਿਸ ਕੈਪਸੇ (23 ਦੌੜਾਂ) ਵਧੀਆ ਲੈਅ ਵਿੱਚ ਨਜ਼ਰ ਆ ਰਹੀ ਸੀ ਅਤੇ ਉਸ ਨੇ ਪਾਰੀ ਦਾ ਪਹਿਲਾ ਛੱਕਾ ਵੀ ਜੜਿਆ ਪਰ ਆਸਟਰੇਲਿਆਈ ਕਪਤਾਨ ਸੋਫੀ ਮੋਲੀਨੂ ਨੇ ਉਸ ਨੂੰ ਬੋਲਡ ਕਰ ਦਿੱਤਾ। ਇਸ ਤੋਂ ਤੁਰੰਤ ਬਾਅਦ ਹੀਥਰ ਨਾਈਟ ਵੀ ਮਹਿਜ਼ 6 ਗੇਂਦਾਂ ਖੇਡ ਕੇ ਕਿਮ ਗਾਰਥ ਦੀ ਗੇਂਦ ’ਤੇ ਐਲਬੀਡਬਲਿਊ ਆਊਟ ਹੋ ਗਈ, ਜਿਸ ਕਾਰਨ ਇੱਕ ਸਮੇਂ ਇੰਗਲੈਂਡ ਦੀ ਟੀਮ ਮੁਸ਼ਕਲ ਵਿੱਚ ਸੀ ਪਰ ਕਪਤਾਨ ਬਰੰਟ ਇੱਕ ਪਾਸੇ ਡਟੀ ਰਹੀ ਅਤੇ ਅਖੀਰ ਵਿੱਚ ਫਰੇਆ ਕੈਂਪ ਨੇ 28 ਗੇਂਦਾਂ ਵਿੱਚ 4 ਚੌਕੇ ਅਤੇ 1 ਛੱਕਾ ਜੜ ਕੇ ਟੀਮ ਨੂੰ 150 ਦੇ ਸਕੋਰ ਤੱਕ ਪਹੁੰਚਾਇਆ। ਹੁਣ ਆਸਟਰੇਲੀਆ ਨੂੰ ਖਿਤਾਬ ਜਿੱਤਣ ਲਈ 151 ਦੌੜਾਂ ਦੀ ਲੋੜ ਹੈ।




# ਦਿਲਜੀਤ ਦੋਸਾਂਝ ਦੀ ਫਿਲਮ ‘ਸਤਲੁਜ’ ਰਿਲੀਜ਼ ਦੇ ਮਹਿਜ਼ 2 ਦਿਨਾਂ ਬਾਅਦ ਜੀ5 ਤੋਂ ਹਟਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਦੀ ਲੰਮੇ ਸਮੇਂ ਤੋਂ ਰੁਕੀ ਹੋਈ ਫ਼ਿਲਮ “ਪੰਜਾਬ ’95” ਨੂੰ ਭਾਰਤ ਵਿੱਚ ਜੀ5 ਓ ਟੀ ਟੀ ਪਲੇਟਫਾਰਮ ‘ਤੇ ਨਵੇਂ ਨਾਂ “ਸਤਲੁਜ” ਹੇਠ ਰਿਲੀਜ਼ ਕੀਤਾ ਗਿਆ ਸੀ, ਪਰ ਰਿਲੀਜ਼ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਇਹ ਫ਼ਿਲਮ ਇਸ ਪਲੇਟਫਾਰਮ ਤੋਂ ਹਟਾ ਦਿੱਤੀ ਗਈ ਹੈ। ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ‘ਤੇ ਬਣੀ ਇਹ ਫ਼ਿਲਮ ਪਿਛਲੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸੈਂਸਰ ਬੋਰਡ ਦੀ ਮਨਜ਼ੂਰੀ ਨਾ ਮਿਲਣ ਕਾਰਨ ਅਟਕੀ ਹੋਈ ਸੀ। ਫ਼ਿਲਮ ਦਾ ਨਿਰਦੇਸ਼ਨ ਹਨੀ ਤਰੇਹਨ ਨੇ ਕੀਤਾ ਹੈ।

ਇਹ ਫ਼ਿਲਮ ਸ਼ੁੱਕਰਵਾਰ ਨੂੰ ਬਿਨਾਂ ਕਿਸੇ ਕੱਟ ਦੇ ਰਿਲੀਜ਼ ਕੀਤੀ ਗਈ ਸੀ, ਪਰ ਐਤਵਾਰ ਸ਼ਾਮ ਨੂੰ ਪਲੇਟਫਾਰਮ ਨੇ ਦਰਸ਼ਕਾਂ ਨੂੰ ਇਹ ਸੂਚਿਤ ਕਰਨ ਲਈ ਇੱਕ ਬਿਆਨ ਸਾਂਝਾ ਕੀਤਾ ਕਿ ਇਹ ਹੁਣ ਭਾਰਤ ਵਿੱਚ ਉਪਲਬਧ ਨਹੀਂ ਹੈ। ਜ਼5 ਪਲੇਟਫਾਰਮ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, “ਮੌਜੂਦਾ ਹਾਲਾਤ ਨੂੰ




ਦੇਖਦੇ ਹੋਏ, ‘ਸਤਲੁਜ’ ਫ਼ਿਲਮ ਅਗਲੀ ਸੂਚਨਾ ਤੱਕ ਭਾਰਤ ਵਿੱਚ ਉਪਲਬਧ ਨਹੀਂ ਰਹੇਗੀ। ਅਸੀਂ ਸਹੀ ਪ੍ਰਕਿਰਿਆ ਰਾਹੀਂ ਹਰ ਢੁਕਵੇਂ ਰਸਤੇ ਦੀ ਭਾਲ ਕਰਨ ਲਈ ਵਚਨਬੱਧ ਹਾਂ ਤਾਂ ਜੋ ਇਸ ਫ਼ਿਲਮ ਨੂੰ ਜਲਦੀ ਤੋਂ ਜਲਦੀ ਦੁਬਾਰਾ ਆਪਣੇ ਦਰਸ਼ਕਾਂ ਤੱਕ ਵਾਪਸ ਲਿਆਂਦਾ ਜਾ ਸਕੇ।”

ਓਟੀਟੀ ਪਲੇਟਫਾਰਮ ਨੇ ਕਿਹਾ ਕਿ ‘ਸਤਲੁਜ’ ਨੂੰ ਇਸਦੀ ਰਿਲੀਜ਼ ਤੋਂ ਬਾਅਦ ਮਿਲਿਆ ਹੁੰਗਾਰਾ ਸੱਚਮੁੱਚ ਬਹੁਤ ਸ਼ਾਨਦਾਰ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ, “ਅਸੀਂ ਉਨ੍ਹਾਂ ਸਾਰੇ ਦਰਸ਼ਕਾਂ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਫ਼ਿਲਮ ਨੂੰ ਦੇਖਣ ਲਈ ਸਬਸਕ੍ਰਿਪਸ਼ਨ ਲਈ, ਇਸ ਨੂੰ ਦੇਖਿਆ ਅਤੇ ਇਸ ਦੀ ਸ਼ਲਾਘਾ ਕੀਤੀ। ਤੁਹਾਡੇ ਪਿਆਰ ਅਤੇ ਸਾਥ ਦਾ ਸਾਡੇ ਲਈ ਅਤੇ ਉਨ੍ਹਾਂ ਸਾਰੇ ਲੋਕਾਂ ਲਈ ਬਹੁਤ ਵੱਡਾ ਮਹੱਤਵ ਹੈ ਜਿਨ੍ਹਾਂ ਨੇ ਇਸ ਕਹਾਣੀ ਨੂੰ ਪਰਦੇ ‘ਤੇ ਉਤਾਰਿਆ।” ਫ਼ਿਲਮ ਵਿੱਚ,ਦਿਲਜੀਤ ਦੋਸਾਂਝ ਨੇ ਭਾਈ ਜਸਵੰਤ ਸਿੰਘ ਖਾਲੜਾ ਦੀ ਭੂਮਿਕਾ ਨਿਭਾਈ ਹੈ। ਇਹ ਫ਼ਿਲਮ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ, ਸੰਘਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ’ਤੇ ਅਧਾਰਿਤ ਹੈ।

# ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ ‘ਬੋਲੀਆਂ’ ਦਾ ਵਿਮੋਚਨ ਅਤੇ ਕਵੀ ਦਰਬਾਰ ਦਾ ਪ੍ਰਭਾਵਸ਼ਾਲੀ ਆਯੋਜਨ

ਐਡਮਿੰਟਨ
ਬਲਵਿੰਦਰ ਬਾਲਮ

ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਸਭ ਰੰਗ ਸਾਹਿਤ ਸਭਾ ਵੱਲੋਂ ਸਾਂਝੇ ਤੌਰ ’ਤੇ ਮੀਡੋਜ਼ ਲਾਇਬਰੇਰੀ, ਐਡਮਿੰਟਨ ਵਿਖੇ ਇੱਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉੱਘੀ ਸਾਹਿਤਕਾਰਾ ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ “ਬੋਲੀਆਂ” ਦਾ ਰਸਮੀ ਲੋਕ ਅਰਪਣ ਕੀਤਾ ਗਿਆ ਅਤੇ ਇਸ ਉਪਰੰਤ ਇੱਕ ਰੌਣਕਮਈ ਕਵੀ ਦਰਬਾਰ ਵੀ ਸਜਾਇਆ ਗਿਆ।

ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਦਲਬੀਰ ਸਿੰਘ ਰਿਆੜ, ਸੁਰਜੀਤ ਕੌਰ ਧਾਲੀਵਾਲ ਅਤੇ ਸਤਨਾਮ ਸਿੰਘ ਗਾਹਲੇ ਨੇ ਸ਼ਿਰਕਤ ਕੀਤੀ। ਪੁਸਤਕ ਬਾਰੇ ਵਿਸਤ੍ਰਿਤ ਅਤੇ ਪ੍ਰਭਾਵਸ਼ਾਲੀ ਵਿਚਾਰ ਪ੍ਰਸਿੱਧ ਸਾਹਿਤਕਾਰ ਬਲਵਿੰਦਰ ਸਿੰਘ ਬਾਲਮ ਨੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ “ਬੋਲੀਆਂ” ਪੰਜਾਬੀ ਲੋਕ-ਵਿਰਸੇ, ਸੱਭਿਆਚਾਰ ਅਤੇ ਲੋਕ-ਜੀਵਨ ਦੀਆਂ ਭਾਵਨਾਵਾਂ ਨੂੰ ਬੜੀ ਖ਼ੂਬਸੂਰਤੀ ਨਾਲ ਆਪਣੇ ਅੰਦਰ ਸਮੇਟਦੀ ਹੈ ਅਤੇ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਰਚਨਾ ਹੈ।

ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਪ੍ਰੋਫੈਸਰ ਵਿਨੈ, ਤੇਜਿੰਦਰ ਪਾਲ ਸਿੰਘ, ਮਾਸਟਰ ਅਜੀਤ ਸਿੰਘ, ਕਾਰਜ ਸਿੰਘ ਔਲਖ, ਮੈਡਮ ਪਲਵਿੰਦਰ ਕੌਰ, ਕਸ਼ਮੀਰਾ ਸਿੰਘ (ਨਿਰਮਾਣ ਮੈਨੇਜਰ), ਸੁਖਦੇਵ ਸਿੰਘ, ਦਿਆ ਰਾਮ, ਭਜਨ ਲਾਲ, ਕਰਤਾਰ ਸਿੰਘ, ਨਰਿੰਦਰ ਸਿੰਘ (ਮੈਨੇਜਰ), ਅੰਮ੍ਰਿਤਪਾਲ ਸਿੰਘ ਅੰਮ੍ਰਿਤ, ਸਤਨਾਮ ਸਿੰਘ ਗਾਹਲੇ, ਗੁਰਮੁਖ ਸਿੰਘ, ਪ੍ਰਦੂਮਣ ਸਿੰਘ, ਮਨਜੀਤ ਸਿੰਘ ਅਤੇ ਅਵਦੇਸ਼ ਨੇ ਆਪਣੀਆਂ ਰਚਨਾਵਾਂ ਰਾਹੀਂ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਕਵੀਆਂ ਨੇ ਸਮਾਜਿਕ ਸਰੋਕਾਰਾਂ, ਪੰਜਾਬੀ ਮਾਂ-ਬੋਲੀ, ਪ੍ਰੇਮ, ਮਨੁੱਖਤਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਰਚਨਾਵਾਂ ਪੇਸ਼ ਕਰਕੇ ਭਰਪੂਰ ਵਾਹ-ਵਾਹ ਖੱਟੀ।

ਸਮਾਗਮ ਦਾ ਮੰਚ ਸੰਚਾਲਨ ਅੰਮ੍ਰਿਤਪਾਲ ਸਿੰਘ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ, ਜਿਸ ਦੀ ਹਾਜ਼ਰੀਨ ਵੱਲੋਂ ਖ਼ੂਬ ਸਰਾਹਨਾ ਕੀਤੀ ਗਈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਦਲਬੀਰ ਸਿੰਘ ‘ਰਿਆੜ’, ਪ੍ਰਧਾਨ, ਵਿਸ਼ਵ



ਪੰਜਾਬੀ ਸਭਾ ਕਨੇਡਾ (ਐਡਮਟਨ ਇਕਾਈ), ਨੇ ਕਿਹਾ ਕਿ ਪਰਵਾਸ ਦੀ ਧਰਤੀ ’ਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਅਜਿਹੇ ਸਮਾਗਮ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਸਭ ਰੰਗ ਸਾਹਿਤ ਸਭਾ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਂਦੀਆਂ ਰਹਿਣਗੀਆਂ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਅਤੇ ਵਿਰਸੇ ਨਾਲ ਜੋੜਿਆ ਜਾ ਸਕੇ। ਸਮਾਗਮ ਦੇ ਅੰਤ ਵਿੱਚ ਪੁਸਤਕ ਦੀ ਲੇਖਿਕਾ ਸੁਰਜੀਤ ਕੌਰ ਧਾਲੀਵਾਲ ਨੇ ਸਮੂਹ ਪ੍ਰਬੰਧਕਾਂ, ਸਾਹਿਤਕਾਰਾਂ, ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਪੰਜਾਬੀ ਸਾਹਿਤ ਦੀ ਸੇਵਾ ਲਈ ਇਹ ਸਾਂਝਾ ਉਪਰਾਲਾ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹੇਗਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਹਾਜ਼ਰੀ ਲਗਾ ਕੇ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ।


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
TICKET
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO
ADVERTISEMENTS
We make professional video advertisements for your business in Punjabi, Hindi & English
POSTERS
DESIGN
We design flyers, Posters and
Post Cards to promote your business
BUSINESS CARD
DESIGN
WE DESIGN YOUR
BUSINESS CARD
SOCIAL MEDIA
HANDLERS
We can manage your Business social media handlers Facebook, instagram & YouTube
24/7 TECH
SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਫਰਿਜ਼ਨੋ ਵਿਖੇ ਪੰਜਾਬੀ ਭਾਈਚਾਰੇ ਨੇ ਅਮਰੀਕਾ ਦਾ 250ਵਾਂ ਆਜ਼ਾਦੀ ਦਿਹਾੜਾ ਉਤਸ਼ਾਹ ਨਾਲ ਮਨਾਇਆ

ਫਰਿਜ਼ਨੋ
ਨੀਟਾ ਮਾਛੀਕੇ,ਕੁਲਵੰਤ ਧਾਲੀਆਂ

ਅਮਰੀਕਾ ਦੇ 250ਵੇਂ ਆਜ਼ਾਦੀ ਦਿਹਾੜੇ ਮੌਕੇ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਨੇ ਘੋਲੀਆ ਹਵੇਲੀ ਵਿਖੇ ਰਲ-ਮਿਲ ਕੇ ਦੇਸ਼ ਭਗਤੀ ਅਤੇ ਭਾਈਚਾਰਕ ਸਾਂਝ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ। ਇਸ ਵਿਸ਼ੇਸ਼ ਸਮਾਗਮ ਦਾ ਆਯੋਜਨ ਉੱਘੇ ਕਾਰੋਬਾਰੀ ਸੁਰਜੀਤ ਸਿੰਘ ਘੋਲੀਆ, ਸੁਖਦੀਪ ਸਿੰਘ ਸਿੱਧੂ, ਬਿੰਦਰ ਸਰਾਭਾ, ਗਾਇਕ ਬੱਬੂ ਗੁਰਪਾਲ ਅਤੇ ਕਮਲਜੀਤ ਟਿਵਾਣਾ, ਚਰਨਜੀਤ ਚੀਮਾਂ, ਮੇਸ਼ੀ ਭਲਵਾਨ, ਦਲਜੀਤ ਸਿੱਧੂ , ਹਰਪ੍ਰੀਤ ਸੋਮਲ ਤੇ ਪਰਮਿੰਦਰ ਸਿੰਘ ਆਦਿ ਸੱਜਣਾਂ ਦੇ ਉੱਦਮ ਸਦਕਾ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੇ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਅਮਰੀਕਾ ਦੇ ਰਾਸ਼ਟਰੀ ਝੰਡੇ ਨੂੰ ਪੂਰੇ ਸਨਮਾਨ ਨਾਲ ਲਹਿਰਾ ਕੇ ਕੀਤੀ ਗਈ। ਇਸ ਤੋਂ ਬਾਅਦ ਵਾਹਨਾਂ 'ਤੇ ਅਮਰੀਕੀ ਝੰਡੇ ਸਜਾ ਕੇ ਇੱਕ ਪ੍ਰਭਾਵਸ਼ਾਲੀ ਕਾਰ ਰੈਲੀ ਕੱਢੀ ਗਈ, ਜਿਸ ਨੇ ਸ਼ਹਿਰ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਅਮਰੀਕਾ ਪ੍ਰਤੀ ਪੰਜਾਬੀ ਭਾਈਚਾਰੇ ਦੇ ਸਤਿਕਾਰ ਅਤੇ ਵਫ਼ਾਦਾਰੀ ਦਾ ਸੁੰਦਰ ਸੰਦੇਸ਼ ਦਿੱਤਾ।

ਇਸ ਮੌਕੇ ਬਾਰਬੀਕਿਊ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ, ਜਿਸ ਦਾ ਪਰਿਵਾਰਾਂ ਅਤੇ ਬੱਚਿਆਂ ਨੇ ਭਰਪੂਰ ਆਨੰਦ ਮਾਣਿਆ। ਸਮਾਗਮ ਦੌਰਾਨ ਆਪਸੀ ਭਾਈਚਾਰਾ, ਮਿਲਵਰਤਣ ਅਤੇ ਦੇਸ਼-ਪ੍ਰੇਮ ਦੀ ਭਾਵਨਾ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲੀ।

ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਨੇ ਪੰਜਾਬੀਆਂ ਨੂੰ ਮਿਹਨਤ ਅਤੇ ਕਾਬਲੀਅਤ ਦੇ ਬਲਬੂਤੇ ਅੱਗੇ ਵਧਣ ਦੇ ਬੇਅੰਤ ਮੌਕੇ ਦਿੱਤੇ ਹਨ। ਅੱਜ ਫਰਿਜ਼ਨੋ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਪੰਜਾਬੀਆਂ ਨੇ ਟਰੱਕਿੰਗ, ਖੇਤੀਬਾੜੀ, ਕਾਰੋਬਾਰ, ਸਿੱਖਿਆ, ਸਿਹਤ ਸੇਵਾਵਾਂ ਅਤੇ ਹੋਰ ਕਈ ਖੇਤਰਾਂ ਵਿੱਚ ਆਪਣੀ ਮਿਹਨਤ, ਲਗਨ ਅਤੇ ਸਿਆਣਪ ਨਾਲ ਵਿਸ਼ੇਸ਼ ਮਾਣ-ਸਨਮਾਨ ਹਾਸਲ ਕੀਤਾ ਹੈ। ਇਸ ਮੌਕੇ ਲੋਕ ਗਾਇਕ ਬੱਬੂ ਗੁਰਪਾਲ ਨੇ ਗੀਤ ਗਾਕੇ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ। ਸੁਰਜੀਤ ਘੋਲੀਆ ਤੇ ਮਿੱਤਰਾਂ ਨੇ ਆਪਣੇ ਟੋਟਕਿਆਂ ਨਾਲ ਪਰਿਵਾਰਕ ਮਹਿਫ਼ਲ ਦੌਰਾਨ ਚੰਗਾ ਸਮਾਂ ਬੰਨ੍ਹਿਆ।



ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਅਮਰੀਕਾ ਦੇ 250ਵੇਂ ਆਜ਼ਾਦੀ ਦਿਹਾੜੇ ਦੀ ਇੱਕ-ਦੂਜੇ ਨੂੰ ਵਧਾਈ ਦਿੱਤੀ ਅਤੇ ਇਹ ਸੰਕਲਪ ਦੁਹਰਾਇਆ ਕਿ ਪੰਜਾਬੀ ਭਾਈਚਾਰਾ ਅਮਰੀਕਾ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਆਪਣਾ ਯੋਗਦਾਨ ਇਸੇ ਤਰ੍ਹਾਂ ਜਾਰੀ ਰੱਖੇਗਾ।

# ਮਨੁੱਖੀ ਜੀਵਨ ਦਾ ਮੰਤਵ ਕੇਵਲ ਸੰਸਾਰਿਕ ਪ੍ਰਾਪਤੀਆਂ, ਧਨ-ਦੌਲਤ ਜਾਂ ਭੌਤਿਕ ਸੁਖ-ਸਹੂਲਤਾਂ ਤੱਕ ਹੀ ਸੀਮਿਤ ਨਹੀਂ ਹੈ- ਸਾਧਵੀ ਰਿਤਿਕਾ ਭਾਰਤੀ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਦੁਆਰਾ ਅੰਮ੍ਰਿਤਸਰ ਵਿਖੇ ਸਥਿਤ ਵੇਦ ਕਥਾ ਭਵਨ, ਦੁਰਗਿਆਣਾ ਮੰਦਿਰ ਵਿੱਚ ਇੱਕ ਵਿਸ਼ਾਲ ਆਧਿਆਤਮਿਕ ਸਤਿਸੰਗ ਦਾ ਆਯੋਜਨ ਕੀਤਾ ਗਿਆ। ਇਸ ਪਵਿੱਤਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਾਮਲ ਹੋ ਕੇ ਆਧਿਆਤਮਿਕ ਮਾਹੌਲ ਦਾ ਲਾਭ ਪ੍ਰਾਪਤ ਕੀਤਾ। ਇਸ ਮੌਕੇ ਸਾਧਵੀ ਰਿਤਿਕਾ ਭਾਰਤੀ ਜੀ ਨੇ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਦਿਵਯ ਸੰਦੇਸ਼ਾਂ ਨੂੰ ਸਰਲ ਅਤੇ ਪ੍ਰੇਰਣਾਦਾਇਕ ਢੰਗ ਨਾਲ ਪੇਸ਼ ਕਰਦਿਆਂ ਆਤਮਿਕ ਉੱਨਤੀ ਦੇ ਮਹੱਤਵ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਆਪਣੇ ਪ੍ਰਵਚਨ ਦੌਰਾਨ ਸਾਧਵੀ ਜੀ ਨੇ ਕਿਹਾ ਕਿ ਮਨੁੱਖੀ ਜੀਵਨ ਦਾ ਮੰਤਵ ਕੇਵਲ ਸੰਸਾਰਿਕ ਪ੍ਰਾਪਤੀਆਂ, ਧਨ-ਦੌਲਤ ਜਾਂ ਭੌਤਿਕ ਸੁਖ-ਸਹੂਲਤਾਂ ਤੱਕ ਹੀ ਸੀਮਿਤ ਨਹੀਂ ਹੈ। ਜੀਵਨ ਦੀ ਅਸਲ ਸਾਰਥਕਤਾ ਉਸ ਵੇਲੇ ਪ੍ਰਗਟ ਹੁੰਦੀ ਹੈ ਜਦੋਂ ਮਨੁੱਖ ਆਤਮ-ਗਿਆਨ ਰਾਹੀਂ ਆਪਣੇ ਅਸਲ ਸਰੂਪ ਨੂੰ ਪਛਾਣ ਕੇ ਪਰਮਾਤਮਾ ਨਾਲ ਆਪਣੇ ਰਿਸ਼ਤੇ ਦਾ ਅਨੁਭਵ ਕਰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ, ਮੁਕਾਬਲੇਬਾਜ਼ੀ ਅਤੇ ਹੰਕਾਰ ਨੇ ਮਨੁੱਖ ਨੂੰ ਉਸ ਦੀ ਅੰਦਰੂਨੀ ਚੇਤਨਾ ਤੋਂ ਦੂਰ ਕਰ ਦਿੱਤਾ ਹੈ, ਜਿਸ ਕਾਰਨ ਮਾਨਸਿਕ ਅਸ਼ਾਂਤੀ ਅਤੇ ਅਸੰਤੁਸ਼ਟੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅਜਿਹੇ ਸਮੇਂ ਵਿੱਚ ਆਧਿਆਤਮਿਕ



ਗਿਆਨ ਹੀ ਮਨੁੱਖ ਦੇ ਜੀਵਨ ਨੂੰ ਸੰਤੁਲਿਤ ਅਤੇ ਸਹੀ ਦਿਸ਼ਾ ਪ੍ਰਦਾਨ ਕਰ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿਆਰ, ਦਇਆ, ਨਿਮਰਤਾ ਅਤੇ ਸੇਵਾ ਵਰਗੇ ਸਦਗੁਣ ਨਾ ਸਿਰਫ਼ ਮਨੁੱਖ ਦੇ ਵਿਅਕਤਿਤਵ ਨੂੰ ਨਿਖਾਰਦੇ ਹਨ, ਸਗੋਂ ਸਮਾਜ ਵਿੱਚ ਆਪਸੀ ਸਾਂਝ, ਸਦਭਾਵਨਾ ਅਤੇ ਸਕਾਰਾਤਮਕਤਾ ਦਾ ਮਾਹੌਲ ਵੀ ਸਿਰਜਦੇ ਹਨ। ਸੇਵਾ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਦੱਸਿਆ ਕਿ ਅਸਲ ਸੇਵਾ ਉਹੀ ਹੈ, ਜੋ ਕਿਸੇ ਵੀ ਤਰ੍ਹਾਂ ਦੇ ਸਵਾਰਥ ਜਾਂ ਫਲ ਦੀ ਉਮੀਦ ਤੋਂ ਬਿਨਾਂ ਕੀਤੀ ਜਾਵੇ। ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਨਾ ਕੇਵਲ ਲੋੜਵੰਦਾਂ ਦੇ ਜੀਵਨ ਵਿੱਚ ਖੁਸ਼ੀ ਅਤੇ ਆਸ ਦਾ ਸੰਚਾਰ ਕਰਦੀ ਹੈ, ਸਗੋਂ ਸੇਵਾ ਕਰਨ ਵਾਲੇ ਵਿਅਕਤੀ ਦੇ ਅੰਤਰਮਨ ਨੂੰ ਵੀ ਪਵਿੱਤਰ ਅਤੇ ਸ਼ਾਂਤ ਬਣਾਉਂਦੀ ਹੈ। ਸਾਧਵੀ ਜੀ ਨੇ ਕਿਹਾ ਕਿ ਸਥਾਈ ਸੁੱਖ ਅਤੇ ਮਾਨਸਿਕ ਸ਼ਾਂਤੀ ਬਾਹਰੀ ਸਾਧਨਾਂ ਰਾਹੀਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਹ ਕੇਵਲ ਆਤਮ-ਗਿਆਨ ਅਤੇ ਪ੍ਰਭੂ ਦੀ ਅਨੁਭੂਤੀ ਰਾਹੀਂ ਹੀ ਸੰਭਵ ਹਨ। ਜਦੋਂ ਮਨੁੱਖ ਆਪਣੇ ਅੰਦਰ ਵੱਸਦੀ ਦਿਵਿਆ ਚੇਤਨਾ ਨੂੰ ਪਛਾਣ ਲੈਂਦਾ ਹੈ, ਤਾਂ ਉਸ ਦੀ ਸੋਚ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਸਕਾਰਾਤਮਕ ਬਦਲਾਅ ਆ ਜਾਂਦਾ ਹੈ। ਇਸ ਨਾਲ ਉਹ ਜੀਵਨ ਦੀ ਹਰ ਚੁਣੌਤੀ ਦਾ ਸਾਹਮਣਾ ਧੀਰਜ, ਵਿਵੇਕ ਅਤੇ ਸੰਤੁਲਿਤ ਸੋਚ ਨਾਲ ਕਰਨ ਦੇ ਯੋਗ ਬਣ ਜਾਂਦਾ ਹੈ। ਆਪਣੇ ਸੰਦੇਸ਼ ਦੇ ਅੰਤ ਵਿੱਚ ਉਨ੍ਹਾਂ ਸਮੂਹ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਆਧਿਆਤਮਿਕ ਸਿਧਾਂਤਾਂ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਾਉਣ, ਸੇਵਾ, ਸਦਾਚਾਰ ਅਤੇ ਮਨੁੱਖਤਾ ਦੇ ਉੱਚੇ ਮੁੱਲਾਂ ਨੂੰ ਆਪਣੇ ਵਿਵਹਾਰ ਵਿੱਚ ਅਪਣਾਉਣ ਅਤੇ ਆਤਮ-ਗਿਆਨ ਦੀ ਪ੍ਰਾਪਤੀ ਲਈ ਨਿਰੰਤਰ ਯਤਨਸ਼ੀਲ ਰਹਿਣ। ਉਨ੍ਹਾਂ ਕਿਹਾ ਕਿ ਇਹੀ ਉਹ ਮਾਰਗ ਹੈ ਜੋ ਮਨੁੱਖ ਨੂੰ ਅੰਦਰੂਨੀ ਸ਼ਾਂਤੀ, ਜੀਵਨ ਦੀ ਅਸਲ ਸਫਲਤਾ ਅਤੇ ਪਰਮਾਤਮਾ ਨਾਲ ਅਟੁੱਟ ਰਿਸ਼ਤੇ ਦੀ ਅਨੁਭੂਤੀ ਤੱਕ ਲੈ ਜਾਂਦਾ ਹੈ।

# ਕੈਨੇਡਾ 'ਚ ਸੁਪਰ ਵੀਜ਼ਾ ਦੀ ਪ੍ਰਕਿਰਿਆ ਪਹਿਲਾਂ ਦੇ ਮੁਕਾਬਲੇ ਹੋਈ ਤੇਜ਼! ਸਿਰਫ਼ 50 ਦਿਨਾਂ 'ਚ ਮਿਲੇਗਾ ਕੈਨੇਡਾ ਦਾ ਸੁਪਰ ਵੀਜ਼ਾ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਜਾਣ ਦੀ ਯੋਜਨਾ ਬਣਾ ਰਹੇ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਲਈ ਖੁਸ਼ਖਬਰੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਸੁਪਰ ਵੀਜ਼ਾ ਦੀ ਪ੍ਰਕਿਰਿਆ ਨੂੰ ਪਹਿਲਾਂ ਦੇ ਮੁਕਾਬਲੇ ਤੇਜ਼ ਕਰ ਦਿੱਤਾ ਹੈ। ਪਹਿਲਾਂ ਇਸ ਵੀਜ਼ਾ ਪ੍ਰਵਾਨਗੀ ਪ੍ਰਕਿਰਿਆ ਵਿਚ ਲਗਭਗ 66 ਦਿਨ ਲੱਗਦੇ ਸਨ, ਪਰ ਹੁਣ ਇਹ ਪ੍ਰਕਿਰਿਆ ਸਿਰਫ਼ 50 ਦਿਨਾਂ ਵਿਚ ਪੂਰੀ ਹੋਵੇਗੀ। ਗਰਮੀਆਂ ਦੌਰਾਨ ਅਰਜ਼ੀਆਂ ਦੀ ਵਧਦੀ ਗਿਣਤੀ ਦੇ ਬਾਵਜੂਦ ਪ੍ਰਕਿਰਿਆ ਸਮੇਂ ਵਿਚ ਆਈ ਇਹ ਕਮੀ ਪਰਿਵਾਰਾਂ ਲਈ ਇੱਕ ਵੱਡੀ ਰਾਹਤ ਮੰਨੀ ਜਾ ਰਹੀ ਹੈ। ਖ਼ਾਸ ਤੌਰ ‘ਤੇ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨੂੰ ਮਿਲਣ ਲਈ ਕੈਨੇਡਾ ਜਾਣ ਵਾਲੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਇਸ ਫ਼ੈਸਲੇ ਦਾ ਸਿੱਧਾ ਲਾਭ ਹੋਵੇਗਾ। ਵੀਜ਼ਾ ਪ੍ਰਕਿਰਿਆ ਨੂੰ ਤੇਜ਼ ਕਰਨ ਲਈ, ਬਿਨੈਕਾਰਾਂ ਨੂੰ ਬਾਇਓਮੈਟ੍ਰਿਕਸ ਸਲਾਟ ਜਲਦੀ ਤੋਂ ਜਲਦੀ ਬੁੱਕ ਕਰਨ ਦੀ ਸਲਾਹ ਦਿੱਤੀ ਗਈ ਹੈ। ਪਹਿਲਾਂ ਲੰਬਿਤ ਅਰਜ਼ੀਆਂ ਕਾਰਨ ਦੇਰੀ ਹੁੰਦੀ ਸੀ, ਪਰ ਹੁਣ ਪ੍ਰਕਿਰਿਆ ਨੂੰ ਸੁਚਾਰੂ ਅਤੇ ਹੋਰ ਤੇਜ਼ ਬਣਾਇਆ ਗਿਆ ਹੈ। ਸਮੇਂ ਸਿਰ ਸਾਰੇ ਦਸਤਾਵੇਜ਼ ਜਮ੍ਹਾਂ ਕਰਨ ਨਾਲ ਪ੍ਰਵਾਨਗੀ ਮਿਲਣ ਵਿਚ ਆਸਾਨੀ ਹੋ ਜਾਵੇਗੀ। ਸਟੱਡੀ ਪਰਮਿਟਾਂ ਦੀ ਪ੍ਰਕਿਰਿਆ ਵਰਤਮਾਨ ਵਿਚ 5 ਹਫ਼ਤਿਆਂ ਦੇ ਅੰਦਰ ਕੀਤੀ ਜਾ ਰਹੀ ਹੈ। 2026 ਦੇ ਪਤਝੜ ਸੈਸ਼ਨ ਲਈ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਨੂੰ ਜਲਦੀ ਅਰਜ਼ੀ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ। ਵਰਕ ਪਰਮਿਟ ਦੀ ਪ੍ਰਕਿਰਿਆ ਵਿਚ ਕੋਈ ਬਦਲਾਅ ਨਹੀਂ ਹੈ ਅਤੇ ਇਸ ਵਿਚ 9 ਹਫ਼ਤੇ ਲੱਗਦੇ ਰਹਿੰਦੇ ਹਨ। ਯੋਗ ਵਿਦਿਆਰਥੀ ਤੇਜ਼ ਪ੍ਰਕਿਰਿਆ ਲਈ ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਰਾਹੀਂ ਅਰਜ਼ੀ ਦੇ ਸਕਦੇ ਹਨ। ਵੀਜ਼ਾ ਪ੍ਰਕਿਰਿਆ ਵਿਚ ਕਿਸੇ ਵੀ ਦੇਰੀ ਤੋਂ ਬਚਣ ਲਈ, ਸਾਰੇ ਜ਼ਰੂਰੀ ਦਸਤਾਵੇਜ਼ ਪਹਿਲਾਂ ਤੋਂ ਤਿਆਰ ਰੱਖੋ। ਸਹੀ ਜਾਣਕਾਰੀ ਨਾਲ ਅਰਜ਼ੀ ਫਾਰਮ ਭਰੋ, ਸਮੇਂ ਸਿਰ ਬਾਇਓਮੈਟ੍ਰਿਕਸ ਪੂਰਾ ਕਰੋ, ਅਤੇ ਨਿਰਧਾਰਤ ਪ੍ਰਕਿਰਿਆਵਾਂ ਦੀ ਪਾਲਣਾ ਕਰੋ। ਇਸ ਨਾਲ ਤੁਹਾਡੀ ਅਰਜ਼ੀ ‘ਤੇ ਜਲਦੀ ਪ੍ਰਕਿਰਿਆ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।




**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.




# ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ਜੁਲਾਈ 2026 ਵਿਸ਼ੇਸ਼ ਧਾਰਮਿਕ, ਵਿਦਿਅਕ ਅਤੇ ਪਰਿਵਾਰਕ ਸਮਾਗਮ

### 30 ਜੂਨ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਦਾ ਵਿਸ਼ੇਸ਼ ਸਮਾਗਮ |

### 29 ਜੂਨ – 3 ਜੁਲਾਈ

**One Week Filmmaking Workshop**

ਕੀ ਤੁਹਾਡਾ ਬੱਚਾ ਵੀਡੀਓ ਬਣਾਉਣ, ਕੈਮਰਾ ਚਲਾਉਣ ਜਾਂ ਕਹਾਣੀਆਂ ਸੁਣਾਉਣ ਦਾ ਸ਼ੌਕੀਨ ਹੈ ? ਐਮੀ ਐਵਾਰਡ ਜੇਤੂ ਫ਼ਿਲਮਮੇਕਰ ਹਰਬਲਦੀਪ ਸਿੰਘ ਵੱਲੋਂ ਬੱਚਿਆਂ ਨੂੰ ਆਧੁਨਿਕ ਮੀਡੀਆ ਰਾਹੀਂ ਸਿੱਖ ਵਿਰਾਸਤ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਵਿਸ਼ੇਸ਼ ਟ੍ਰੇਨਿੰਗ।

### 29 ਜੂਨ – 5 ਜੁਲਾਈ

ਰੋਜ਼ਾਨਾ ਗੁਰਮਤਿ ਕਥਾ ਅਤੇ ਵਿਚਾਰ
ਗਿਆਨੀ ਕੁਲਦੀਪ ਸਿੰਘ ਜੀ ਅਭਿਆਸੀ (ਦਮਦਮੀ ਟਕਸਾਲ) ਰੋਜ਼ਾਨਾ ਗੁਰਮਤਿ ਵਿਚਾਰ ਅਤੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

### 3 – 5 ਜੁਲਾਈ

**ਸਵੇਰੇ 9:00 ਵਜੇ – ਸ਼ਾਮ 5:30 ਵਜੇ**

ਗੁਰਮਤਿ ਸਿਮਰਨ ਅਭਿਆਸ ਕੈਂਪ ਕਰਵਾਇਆ ਜਾ ਰਿਹਾ ਜਿਸ ਵਿਚ ਭਾਈ ਗੁਰਦੀਪ ਸਿੰਘ ਜੀ (ਇੰਜੀਨੀਅਰ), Los Angeles ਵਾਲੇ ਆਪਣੀ ਖਾਸ ਸ਼ਮੂਲੀਅਤ ਕਰਨਗੇ |

### 4 ਜੁਲਾਈ | ਸ਼ਾਮ 7:00 ਵਜੇ

**Ice Cream Social**

ਅਮਰੀਕਾ ਦੇ 250ਵੇਂ Independence Day ਮੌਕੇ Ice Cream Social ਦਾ ਖਾਸ ਪ੍ਰੋਗਰਾਮ ਕਰਵਾਇਆ ਜਾ ਰਿਹਾ |

### 10 ਜੁਲਾਈ | ਸ਼ਾਮ 7:15

Oracle Park ਵਿਖੇ
First Sikh Heritage Night ਦਾ ਆਯੋਜਨ ਕੀਤਾ ਗਿਆ | ਜਿਥੇ ਬਾਸਕਿਟਬਾਲ ਦੇ ਮੈਚ San Francisco Giants VS. Colorado Rockies ਵਿਚਕਾਰ ਹੋਵੇਗਾ |

### 13 – 17 ਜੁਲਾਈ | ਸਵੇਰੇ 8:00 ਵਜੇ – ਸ਼ਾਮ 4:00 ਵਜੇ

**Annual Summer Gurmat Camp**

ਬੱਚਿਆਂ ਲਈ: ਗੁਰਬਾਣੀ, ਪੰਜਾਬੀ, ਸਿੱਖ ਇਤਿਹਾਸ, ਕੀਰਤਨ, ਸੇਵਾ, ਚੰਗੇ ਜੀਵਨ ਮੁੱਲ ਗਰਮੀਆਂ ਦੀਆਂ ਛੁੱਟੀਆਂ ਨੂੰ ਸਿੱਖੀ, ਸੇਵਾ ਅਤੇ ਸਿੱਖਿਆ ਨਾਲ ਭਰਪੂਰ ਬਣਾਓ।

ਜੁਲਾਈ 2026 ਵਿਸ਼ੇਸ਼ ਧਾਰਮਿਕ ਵਿਦਿਅਕ ਅਤੇ ਪਰਿਵਾਰਕ ਸਮਾਗਮ




**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਡੈਲਸ-ਫੋਰਟ ਵਰਥ ਵਿੱਚ ਸਿੱਖ ਭਾਈਚਾਰੇ ਨੇ ਅਮਰੀਕਾ ਦੇ 250ਵੇਂ ਆਜ਼ਾਦੀ ਦਿਵਸ ਦੀ ਪਰੇਡ ਵਿੱਚ ਸ਼ਾਨਦਾਰ ਹਾਜ਼ਰੀ ਭਰੀ

ਫਰਿਜ਼ਨੋ
ਨੀਟਾ ਮਾਛੀਕੇ,ਕੁਲਵੰਤ ਧਾਲੀਆਂ



4 ਜੁਲਾਈ ਅਮਰੀਕਾ ਦੇ 250ਵੇਂ ਆਜ਼ਾਦੀ ਦਿਵਸ ਮੌਕੇ ਡੈਲਸ-ਫੋਰਟ ਵਰਥ ਖੇਤਰ ਦੀਆਂ ਸਿੱਖ ਸੰਗਤਾਂ ਅਤੇ ਪੰਜਾਬੀ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਆਜ਼ਾਦੀ ਦਿਵਸ ਦੀ ਵਿਸ਼ਾਲ ਪਰੇਡ ਵਿੱਚ ਸ਼ਮੂਲੀਅਤ ਕੀਤੀ। ਤਿੰਨ ਘੰਟਿਆਂ ਤੱਕ ਚੱਲੀ ਇਸ ਸ਼ਾਨਦਾਰ ਪਰੇਡ ਵਿੱਚ ਸਿੱਖ ਭਾਈਚਾਰੇ ਨੇ ਆਪਣੀਆਂ ਰਵਾਇਤੀ ਪੱਗਾਂ, ਅਮਰੀਕੀ ਝੰਡਿਆਂ ਅਤੇ ਜੋਸ਼-ਉਤਸ਼ਾਹ ਨਾਲ ਹਾਜ਼ਰੀ ਲਗਾ ਕੇ ਆਪਣੀ ਵੱਖਰੀ ਪਹਿਚਾਣ ਦਰਜ ਕਰਵਾਈ।ਪਰੇਡ ਦੌਰਾਨ ਲਗਭਗ ਢਾਈ ਲੱਖ ਤੋਂ ਵੱਧ ਲੋਕਾਂ ਦੀ ਹਾਜ਼ਰੀ ਰਹੀ। ਰਸਤੇ ਭਰ ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਸਿੱਖ ਭਾਈਚਾਰੇ ਦਾ ਤਾੜੀਆਂ ਵਜਾ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਅਨੁਸ਼ਾਸਨ, ਪਹਿਰਾਵੇ ਅਤੇ ਦੇਸ਼-ਪ੍ਰੇਮ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ।ਸਮਾਗਮ ਵਿੱਚ ਸ਼ਾਮਲ ਸਿੱਖ ਆਗੂਆਂ ਨੇ ਕਿਹਾ ਕਿ ਪੱਗ ਸਿੱਖਾਂ ਦੀ ਸ਼ਾਨ ਅਤੇ ਪਹਿਚਾਣ ਹੈ, ਜਿਸ ਨੂੰ ਮਾਣ ਨਾਲ ਧਾਰਨ ਕਰਕੇ ਅਜਿਹੇ ਰਾਸ਼ਟਰੀ ਸਮਾਗਮਾਂ ਵਿੱਚ ਸ਼ਾਮਲ ਹੋਣਾ ਨਾ ਸਿਰਫ਼ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਉਜਾਗਰ ਕਰਦਾ ਹੈ, ਸਗੋਂ ਅਮਰੀਕਾ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਸਾਂਝੇਦਾਰੀ ਦਾ ਵੀ ਪ੍ਰਗਟਾਵਾ ਕਰਦਾ ਹੈ।

ਪਰੇਡ ਵਿੱਚ ਪੰਜਾਬੀ ਭਾਈਚਾਰੇ ਦੀ ਸ਼ਾਨਦਾਰ ਭਾਗੀਦਾਰੀ ਨੇ ਇਹ ਸੰਦੇਸ਼ ਦਿੱਤਾ ਕਿ ਸਿੱਖ ਅਤੇ ਪੰਜਾਬੀ ਅਮਰੀਕੀ ਸਮਾਜ ਦਾ ਅਟੁੱਟ ਹਿੱਸਾ ਹਨ ਅਤੇ ਦੇਸ਼ ਦੀ ਤਰੱਕੀ, ਵਿਭਿੰਨਤਾ ਅਤੇ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਹਮੇਸ਼ਾ ਯੋਗਦਾਨ ਪਾਉਂਦੇ ਰਹਿਣਗੇ। 4 ਜੁਲਾਈ ਦਾ ਇਹ ਇਤਿਹਾਸਕ ਸਮਾਗਮ ਹਾਜ਼ਰ ਸੰਗਤਾਂ ਲਈ ਮਾਣ ਅਤੇ ਯਾਦਗਾਰ ਪਲ ਬਣ ਗਿਆ।

# ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਫੰਡਿੰਗ ਨੂੰ ਮਨਜ਼ੂਰੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਫੰਡਿੰਗ ਮਨਜ਼ੂਰ ਕੀਤੀ ਗਈ ਹੈ। ਇਸ ਫੰਡਿੰਗ ਦਾ ਸਭ ਤੋਂ ਵੱਡਾ ਲਾਭ ਆਈਸ (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਅਤੇ ਸੀ.ਬੀ.ਪੀ. (ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ) ਨੂੰ ਮਿਲੇਗਾ। ਇਸ ਨਾਲ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕਾਰਵਾਈ ਨੂੰ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਯੋਜਨਾ ਹੈ।ਨਵੀਂ ਫੰਡਿੰਗ ਰਾਹੀਂ ਹਜ਼ਾਰਾਂ ਨਵੇਂ ਆਈਸ ਅਤੇ ਸੀ.ਬੀ.ਪੀ. ਅਧਿਕਾਰੀਆਂ ਦੀ ਭਰਤੀ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਡਿਟੈਨਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ, ਨਵੀਂ ਤਕਨਾਲੋਜੀ ਦੀ ਵਰਤੋਂ, ਸਰਹੱਦੀ ਸੁਰੱਖਿਆ ਮਜ਼ਬੂਤ ਕਰਨ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਹੋਰ ਤੇਜ਼ ਕਰਨ ਲਈ ਵੀ ਵੱਡੀ ਰਕਮ ਰੱਖੀ ਗਈ ਹੈ।ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣਾ, ਸਰਹੱਦਾਂ ਨੂੰ ਹੋਰ ਸੁਰੱਖਿਅਤ ਬਣਾਉਣਾ ਅਤੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਹੈ। ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ਵਧੇਰੇ ਸਰੋਤਾਂ ਨਾਲ ਆਈਸ ਅਤੇ ਸੀ.ਬੀ.ਪੀ. ਪਹਿਲਾਂ ਨਾਲੋਂ ਵੱਧ ਤੇਜ਼ੀ ਨਾਲ ਕਾਰਵਾਈ ਕਰਨ ਦੇ ਯੋਗ ਹੋਣਗੇ।ਦੂਜੇ ਪਾਸੇ, ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਫ਼ੈਸਲੇ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਅਤੇ ਡਿਟੈਨਸ਼ਨ ਕਾਰਵਾਈਆਂ ਨਾਲ ਕਈ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ ਅਤੇ ਕਾਨੂੰਨੀ ਪ੍ਰਕਿਰਿਆਵਾਂ 'ਤੇ ਵੀ ਦਬਾਅ ਵਧ ਸਕਦਾ ਹੈ।

ਕੁੱਲ ਮਿਲਾ ਕੇ, ਇਹ ਫੰਡਿੰਗ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਮੰਨੀ ਜਾ ਰਹੀ ਹੈ ਅਤੇ ਆਉਣ ਵਾਲੇ ਮਹੀਨਿਆਂ 'ਚ ਦੇਸ਼ ਭਰ 'ਚ ਆਈਸ ਅਤੇ ਸੀ.ਬੀ.ਪੀ. ਦੀਆਂ ਕਾਰਵਾਈਆਂ ਵਿਚ ਹੋਰ ਤੇਜ਼ੀ ਦੇਖਣ ਨੂੰ ਮਿਲ ਸਕਦੀ ਹੈ।

# ਆਜ਼ਾਦੀ ਘੁਲਾਟੀਏ ਅਤੇ ਲੇਖਕ ਰਾਮ ਸਿੰਘ ਮਜੀਠਾ



ਆਪ ਦਾ ਜਨਮ 27 ਮਾਰਚ 1907 ਨੂੰ ਕਸਬਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਪਿਤਾ ਦਾ ਨਾਂ ਸ. ਸੁਰੈਣ ਸਿੰਘ ਤੇ ਮਾਤਾ ਦਾ ਨਾਂ ਬੀਬੀ ਆਸ ਕੌਰ ਸੀ।ਆਪ ਦੇ ਪਿਤਾ ਨੇ 1922 ਦੇ ਗੁਰੂ ਕੇ ਬਾਗ ਮੋਰਚੇ ਵਿੱਚ ਅੰਗਰੇਜ਼ੀ ਹਕੂਮਤ ਦਾ ਡਟ ਕੇ ਸਾਹਮਣਾ ਕੀਤਾ ਅਤੇ ਪਸਲੀਆਂ ਟੁੱਟਣ ਤੱਕ ਘੋਰ ਤਸ਼ੱਦਦ ਝੱਲਿਆ।3 ਸਾਲ ਦੀ ਸਖ਼ਤ ਕੈਦ ਕੱਟੀ, ਘਰ ਦੀ ਕੁਰਕੀ ਹੋਈ ਅਤੇ ਆਜ਼ਾਦੀ ਤੋਂ ਪਹਿਲਾਂ ਮਜੀਠਾ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪਹਿਲੇ ਮੈਂਬਰਾਂ ਵਿੱਚੋਂ ਚੁਣੇ ਗਏ। ਮਾਤਾ ਆਸ ਕੌਰ ਜੀ ਤਿਆਗ ਅਤੇ ਹੌਸਲੇ ਦੀ ਮੂਰਤ ਸਨ। ਉਨ੍ਹਾਂ ਪਤੀ ਦੇ ਜੇਲ੍ਹ ਜਾਣ ਅਤੇ ਘਰ ਦੀ ਕੁਰਕੀ ਵੇਲੇ ਬੇਹੱਦ ਮੁਸ਼ਕਲ ਹਾਲਾਤ ਵਿੱਚ ਇਕੱਲਿਆਂ ਪਰਿਵਾਰ ਸੰਭਾਲਿਆ।

ਇਸ ਤਰ੍ਹਾਂ ਆਪਣੇ ਇਕਲੌਤੇ ਸਪੁੱਤਰ ਰਾਮ ਸਿੰਘ ਨੂੰ ਬਚਪਨ ਤੋਂ ਹੀ ਦੇਸ਼ ਭਗਤੀ ਅਤੇ ਸਿਆਸੀ ਗੁੜ੍ਹਤੀ ਦੇ ਉੱਚੇ ਸੰਸਕਾਰ ਮਿਲੇ।ਆਪ ਨੇ 1930 ਦੀ ਨਾਮਿਲਵਰਤਨ ਲਹਿਰ, ਡਸਕਾ ਮੋਰਚਾ, ਅੰਮ੍ਰਿਤਸਰ ਅਤੇ ਲਾਹੌਰ ਕਿਸਾਨ ਮੋਰਚਿਆਂ ਡੀਫੈਂਸ ਆਫ ਇੰਡਿਆ ਐਕਟ ਵਿੱਚ ਲੰਮੀ ਚਾਰ ਸਾਲ ਕੈਦ ਕਟੀ ਤੇ ਤਕਰੀਬਨ 12 ਸਾਲ ਤੱਕ ਜੇਲਾਂ ਵਿੱਚ ਬੰਦ ਰਹੇ ਸਨ। 1946 ਵਿੱਚ ਕਿਸਾਨ ਵਿੰਗ ਸੁਰੂ ਕੀਤਾ ਤੇ ਸੂਬਾ ਸਕੱਤਰ ਰਹੇ। ਹਰਸ਼ਾ ਛੀਨਾ ਅੰਮ੍ਰਿਤਸਰ ਨਰਿਰਾਂ ਦੇ ਪਾਣੀਆਂ ਦੇ ਮੋਰਚੇ ਦੇ ਇੰਚਾਰਜ ਸਨ। 1956 ਵਿੱਚ ਕਾਗਰਸ ਦਾ ਕਿਸਾਨ ਵਿੰਗ ਦੀ ਜਥੇਬੰਦੀ ਬਣਾਈ ਤੇ 2 ਸਾਲ ਉਸ ਦੇ ਓਰਗੇਨਾਈਜਰ ਰਹੇ। 1964 ਵਿੱਚ ਪੰਜਾਬ ਫਰੀਡਮ ਫ਼ਾਈਟਰ ਜਥੇਬੰਦੀ ਬਣਾਈ ਤੇ ਉਸ ਦੇ ਪ੍ਰਧਾਨ ਰਹੇ।

1973 ਵਿੱਚ ਜਲ੍ਹਿਆਂਵਾਲੇ ਬਾਗ ਵਿਖੇ ਦੇਸ਼ ਭਰ ਦੇ ਸੁਤੰਤਰਤਾ ਸੈਲਾਨੀਆਂ ਦੇ ਸਮਾਗਮ ਦੀ ਖੁਦ ਪ੍ਰਧਾਨਗੀ ਕੀਤੀ ਅਤੇ 'ਆਲ ਇੰਡੀਆ ਫਰੀਡਮ ਫਾਈਟਰਜ਼ ਜਥੇਬੰਦੀ ਬਣਾਈ ਤੇ ਪ੍ਰਧਾਨ ਰਹੇ। ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਹੀਂ ਦੇਸ਼ ਦੇ ਸੂਰਮਿਆਂ ਨੂੰ ਤਾਮਰ ਪੱਤਰ ਅਤੇ ਪੈਨਸ਼ਨਾਂ ਦਿਵਾਈਆਂ। 74 ਵਰ੍ਹਿਆਂ ਦੀ ਉਮਰ ਵਿੱਚ "ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ" (ਭਾਗ 1 ਅਤੇ 2) ਸਮੇਤ 'ਜੁਝਾਰੂ ਯੋਧੇ' ਅਤੇ 'ਪੰਜਾਬ ਮਹਾਨ' ਵਰਗੀਆਂ ਇਤਿਹਾਸਕ ਪੁਸਤਕਾਂ ਲਿਖ ਕੇ ਅਣਗੌਲੇ ਸ਼ਹੀਦਾਂ ਨੂੰ ਅਮਰ ਕੀਤਾ।ਆਪ ਦੀ ਪਤਨੀ ਬੀਬੀ ਰਵੇਲ ਕੌਰ ਜੋ ਪਿੰਡ ਵਰੀਆਮ ਨੰਗਲ ਦੇ ਸ ਸੁੰਦਰ ਸਿੰਘ ਸ਼ਾਹ ਜੀ ਦੀ ਸਪੁੱਤਰੀ ਹਨ ਵੀ ਤਿਆਗ ਦੀ ਮੂਰਤ ਹਨ।

ਉਨ੍ਹਾਂ ਨੇਆਪਣੇ ਪਤੀ ਦੇ ਵਾਰ-ਵਾਰ ਜੇਲ੍ਹ ਜਾਣ 'ਤੇ ਹੱਸ ਕੇ ਘਰ ਸੰਭਾਲਿਆ ਅਤੇ ਹੋਰਨਾਂ ਕਾਰਜਾਂ ਵਿੱਚ ਸੱਚਾ ਸਾਥ ਦਿੱਤਾ।ਆਪ ਨੂੰ ਰਾਸ਼ਟਰੀ ਸਨਮਾਨ ਮਿਲਿਆ। ਜਲਿਆਂ ਵਾਲੇ ਬਾਗ ਦੀ ਗੈਲਰੀ ਨੰਬਰ 4 (ਆਈਕਨਜ ਆਫ਼ ਨੈਸ਼ਨਲਇਜ਼) ਵਿੱਚ ਉਨ੍ਹਾਂ ਦਾ ਚਿੱਤਰ ਬਹੁਤ ਸਤਿਕਾਰ ਨਾਲ ਸੁਸ਼ੋਭਿਤ ਹੈ।ਆਪ ਦੀ ਤਸਵੀਰ ਨਿਸ਼ਾਨੇ ਖ਼ਾਲਸਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੀ ਸੁਸ਼ੋਭਿਤ ਹੈ।

ਆਪ ਦੇ ਸਤਿਕਾਰ ਵਜੋਂ ਅੰਮ੍ਰਿਤਸਰ ਬਾਈਪਾਸ ਚੌਂਕ ਤੋਂ ਮਜੀਠਾ ਟਾਊਨ ਤੱਕ ਦੀ 13 ਕਿਲੋਮੀਟਰ ਲੰਬੀ ਸੜਕ ਦਾ ਨਾਮ 'ਸਰਦਾਰ ਰਾਮ ਸਿੰਘ ਮਜੀਠਾ ਮਾਰਗ' ਰੱਖਿਆ ਗਿਆ। 14 ਅਪ੍ਰੈਲ 2006 ਨੂੰ ਭਾਰਤ ਦੇ ਸਾਬਕਾ ਉਪ-ਵਿਦੇਸ਼ ਮੰਤਰੀ ਤੇ (ਕੇਰਲਾ ਦੇ ਗਵਰਨਰ) ਸਵਰਗੀ ਸ਼੍ਰੀ ਆਰ.ਐਲ. ਭਾਟੀਆ, ਉਸ ਵੇਲੇ ਦੇ ਵਿਧਾਇਕਾਂ ਸ.ਸਵਿੰਦਰ ਸਿੰਘ ਕੱਥੂਨੰਗਲ, ਸ੍ਰੀ ਜੁਗਲ ਕਿਸ਼ੋਰ ਸ਼ਰਮਾ, ਡਾ. ਰਾਜ ਕੁਮਾਰ ਵੇਰਕਾ ਤੋਂ ਇਲਾਵਾ ਮਜੀਠੇ ਇਲਾਕੇ ਦੀਆਂ ਮੋਹਤਬਾਰ ਹਸਤੀਆਂ ਅਤੇ ਸਾਰੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਇਸ ਦਾ ਇਤਿਹਾਸਕ ਮਾਰਗ ਦਾ ਉਦਘਾਟਨ ਹੋਇਆ।

ਆਪ 8 ਜੁਲਾਈ 1999 ਨੂੰ ਇਸ ਫ਼ਾਨੀ ਸੰਸਾਰ ਤੋਂ ਹਮੇਸ਼ਾਂ ਲਈ ਕੂਚ ਕਰ ਗਏ।ਆਪ ਅੱਜ ਭਾਵੇਂ ਸਾਡੇ ਵਿਚ ਨਹੀਂ ਪਰ ਆਪ ਵਲੋਂ ਕੀਤੇ ਸਾਹਿਤਕ ਤੇ ਹੋਰ ਚੰਗੇ ਕੰਮਾਂ ਕਰਕੇ ਆਪ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।ਇਸ ਸਮੇਂ ਉਨ੍ਹਾਂ ਦੀ ਬੇਟੀ ਬੀਬੀ ਹਰਜੀਤ ਕੌਰ ਬੱਲ ਅਤੇ ਜਵਾਈ ਸ.ਪਰਗਟ ਸਿੰਘ ਬੱਲ ਇਸ ਮਹਾਨ ਅਤੇ ਗੌਰਵਮਈ ਇਤਿਹਾਸਕ ਵਿਰਾਸਤ ਨੂੰ ਬਹੁਤ ਹੀ ਸਤਿਕਾਰ ਅਤੇ ਜ਼ਿੰਮੇਵਾਰੀ ਨਾਲ ਸੰਭਾਲ ਰਹੇ ਹਨ।







Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਓਪੀ ਜਿੰਦਲ ਗਲੋਬਲ ਯੂਨੀਵਰਸਿਟੀ ਨੇ ਟੋਕੀਓ ਵਿੱਚ ਤੀਜੇ ਭਾਰਤ-ਜਾਪਾਨ ਉੱਚ ਸਿੱਖਿਆ ਫੋਰਮ 2026 ਦੀ ਕੀਤੀ ਮੇਜ਼ਬਾਨੀ

ਟੋਕੀਓ
ਸਾਂਝੀ ਸੋਚ ਬਿਊਰੋ

ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ (ਜੇਜੀਯੂ) ਨੇ "ਸ਼ਹਓਪਿਨਗ ੂਨਿਵਏਰਸਿਟਿਏਸ ੋਡ ਟਹਏ ਢੁਟੁਰਏ ਿਨ ਟਹਏ ਓਰਓ ੋਡ ੍ਮਓਨ ੋਨਦ ਅਰਟਿਡਿਚਿਓਲ ਿਨਟਏਲਲਿਗਏਨਚਏ." ਵਿਸ਼ੇ 'ਤੇ ਤੀਜਾ ਭਾਰਤ-ਜਾਪਾਨ ਉੱਚ ਸਿੱਖਿਆ ਫੋਰਮ 2026 ਸਫਲਤਾਪੂਰਵਕ ਆਯੋਜਿਤ ਕੀਤਾ।

ਟੋਕੀਓ ਵਿੱਚ ਫੋਰਮ ਨੇ ਉੱਚ ਸਿੱਖਿਆ, ਅਕਾਦਮਿਕ ਗਤੀਸ਼ੀਲਤਾ, ਖੋਜ ਸਹਿਯੋਗ, ਤਕਨਾਲੋਜੀ, ਸਥਿਰਤਾ ਅਤੇ ਸਿੱਖਿਆ ਕੂਟਨੀਤੀ 'ਤੇ ਇੱਕ ਮਹੱਤਵਪੂਰਨ ਸੰਵਾਦ ਲਈ ਭਾਰਤ ਅਤੇ ਜਾਪਾਨ ਦੇ ਸੀਨੀਅਰ ਯੂਨੀਵਰਸਿਟੀ ਨੇਤਾਵਾਂ, ਡਿਪਲੋਮੈਟਾਂ, ਨੀਤੀ ਨਿਰਮਾਤਾਵਾਂ, ਸਿੱਖਿਆ ਸ਼ਾਸਤਰੀਆਂ ਅਤੇ ਵਿਦਿਆਰਥੀਆਂ ਨੂੰ ਇਕੱਠਾ ਕੀਤਾ।

ਫੋਰਮ ਨੇ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਈਵਾਲੀ ਵਿੱਚ ਇੱਕ ਪਰਿਭਾਸ਼ਿਤ ਸਮੇਂ 'ਤੇ ਨਕਲੀ ਬੁੱਧੀ ਦੇ ਯੁੱਗ ਵਿੱਚ ਉੱਚ ਸਿੱਖਿਆ ਦੇ ਭਵਿੱਖ ਨੂੰ ਆਕਾਰ ਦੇਣ ਲਈ ਜਾਪਾਨ ਦੇ ਇੱਕ ਸਾਬਕਾ ਪ੍ਰਧਾਨ ਮੰਤਰੀ, ਇੱਕ ਪ੍ਰਸਿੱਧ ਭਾਰਤੀ ਸੰਸਦ ਮੈਂਬਰ, ਡਿਪਲੋਮੈਟਾਂ ਅਤੇ ਜਾਪਾਨ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਸੀਨੀਅਰ ਨੇਤਾਵਾਂ ਨੂੰ ਇਕੱਠਾ ਕੀਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਸਨੇ ਤਾਕਾਚੀ ਵਿਚਕਾਰ ਭਾਰਤ-ਜਾਪਾਨ ਸਿਖਰ ਸੰਮੇਲਨ ਦੇ ਵੱਡੇ ਸੰਦਰਭ ਵਿੱਚ ਇਸ ਨੇ ਵਿਸ਼ੇਸ਼ ਮਹੱਤਵ ਪ੍ਰਾਪਤ ਕੀਤਾ, ਜਿਸ ਨੇ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਈਵਾਲੀ ਦੀ ਡੂੰਘਾਈ ਅਤੇ ਭਵਿੱਖ ਦੀ ਦਿਸ਼ਾ ਦੀ ਪੁਸ਼ਟੀ ਕੀਤੀ। ਇੱਕ ਅਜਿਹੇ ਸਮੇਂ ਜਦੋਂ ਦੋਵੇਂ ਦੇਸ਼ ਤਕਨਾਲੋਜੀ, ਨਵੀਨਤਾ, ਨਕਲੀ ਬੁੱਧੀ, ਆਰਥਿਕ ਸੁਰੱਖਿਆ, ਲਚਕੀਲਾਪਣ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਵਿੱਚ ਸਹਿਯੋਗ ਨੂੰ ਅੱਗੇ ਵਧਾ ਰਹੇ ਹਨ, ਟੋਕੀਓ ਕੋਲੋਕੀਅਮ ਨੇ ਇਸ ਸਾਂਝੇਦਾਰੀ ਨੂੰ ਬੌਧਿਕ, ਸੰਸਥਾਗਤ ਅਤੇ ਮਨੁੱਖੀ ਡੂੰਘਾਈ ਦੇਣ ਵਿੱਚ ਯੂਨੀਵਰਸਿਟੀਆਂ ਦੀ ਲਾਜ਼ਮੀ ਭੂਮਿਕਾ 'ਤੇ ਜ਼ੋਰ ਦਿੱਤਾ।

ਉਦਘਾਟਨੀ ਸੈਸ਼ਨ ਜੇਜੀਯੂ ਦੇ ਸੰਸਥਾਪਕ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੀ. ਰਾਜ ਕੁਮਾਰ ਦੇ ਸਵਾਗਤ ਭਾਸ਼ਣ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਐੱਚ.ਈ. ਹਾਟੋਯਾਮਾ ਯੂਕਿਓ ਦੁਆਰਾ ਇੱਕ ਵਿਸ਼ੇਸ਼ ਭਾਸ਼ਣ ਦਿੱਤਾ ਗਿਆ।

ਆਪਣੇ ਵਿਚਾਰਸ਼ੀਲ ਭਾਸ਼ਣ ਵਿੱਚ, ਹਾਟੋਯਾਮਾ ਨੇ ਟਿੱਪਣੀ ਕੀਤੀ: "ਜਾਪਾਨ ਅਤੇ ਭਾਰਤ ਇੱਕ ਅਜਿਹਾ ਰਿਸ਼ਤਾ ਸਾਂਝਾ ਕਰਦੇ ਹਨ ਜੋ ਕੂਟਨੀਤੀ ਅਤੇ ਸਮਕਾਲੀ ਸਹਿਯੋਗ ਤੋਂ ਪਰੇ ਹੈ। ਇਹ ਸਦੀਆਂ ਤੋਂ ਬੁੱਧ ਧਰਮ, ਨੈਤਿਕ ਵਿਚਾਰ ਅਤੇ ਅਧਿਆਤਮਿਕ ਆਦਾਨ-ਪ੍ਰਦਾਨ ਦੁਆਰਾ ਬਣਾਏ ਗਏ ਇੱਕ ਡੂੰਘੇ ਸੱਭਿਅਤਾ ਦੇ ਬੰਧਨ ਵਿੱਚ ਜੜ੍ਹਿਆ ਹੋਇਆ ਹੈ।

ਯੂ-ਆਈ, ਜਾਂ ਭਾਈਚਾਰੇ ਦਾ ਦਰਸ਼ਨ, ਆਪਸੀ ਸਤਿਕਾਰ, ਆਪਸੀ ਸਮਝ ਅਤੇ ਆਪਸੀ ਸਹਾਇਤਾ ਦੀ ਗੱਲ ਕਰਦਾ ਹੈ, ਅਤੇ ਮਹਾਤਮਾ ਗਾਂਧੀ ਦੇ ਅਹਿੰਸਾ (ਅਹਿੰਸਾ) ਅਤੇ ਸਰਵੋਦਿਆ (ਸਭ ਦਾ ਕਲਿਆਣ) ਦੇ ਆਦਰਸ਼ਾਂ ਨਾਲ ਇੱਕ ਕੁਦਰਤੀ ਗੂੰਜ ਪਾਉਂਦਾ ਹੈ। ਇਸ ਸਾਂਝੀ ਵਿਰਾਸਤ ਵਿੱਚ, ਜਾਪਾਨ ਅਤੇ ਭਾਰਤ ਕੋਲ ਦੁਨੀਆ ਨੂੰ ਸਦਭਾਵਨਾ, ਮਨੁੱਖੀ ਮਾਣ ਅਤੇ ਸਹਿ-ਹੋਂਦ ਦਾ ਇੱਕ ਦ੍ਰਿਸ਼ਟੀਕੋਣ ਪੇਸ਼ ਕਰਨ ਦਾ ਮੌਕਾ ਹੈ, ਜੋ ਕਿ ਸਦੀਵੀ ਭਾਰਤੀ ਬੁੱਧੀ ਤੋਂ ਪ੍ਰੇਰਿਤ ਹੈ ਕਿ ਦੁਨੀਆ ਇੱਕ ਪਰਿਵਾਰ ਹੈ।"

ਉਨ੍ਹਾਂ ਇਹ ਕਹਿ ਕੇ ਸਮਾਪਤ ਕੀਤਾ, "ਨੌਜਵਾਨਾਂ ਲਈ ਸਿੱਖਿਆ ਸਾਡੇ ਭਵਿੱਖ ਦੀ ਸਿਰਜਣਾ ਤੋਂ ਅਟੁੱਟ ਹੈ, ਅਤੇ ਮੈਨੂੰ ਪੂਰੀ ਉਮੀਦ ਹੈ ਕਿ ਝਘੂ ਅਤੇ ਜਾਪਾਨੀ ਯੂਨੀਵਰਸਿਟੀਆਂ ਵਿਚਕਾਰ ਡੂੰਘਾ ਸਹਿਯੋਗ ਹੋਰ ਵਿਦਿਆਰਥੀਆਂ ਨੂੰ ਆਪਸੀ ਆਦਾਨ-ਪ੍ਰਦਾਨ ਵਿੱਚ ਹਿੱਸਾ ਲੈਣ ਦੇ ਯੋਗ ਬਣਾਏਗਾ, ਜਿਸ ਨਾਲ ਅਕਾਦਮਿਕ, ਅਰਥਸ਼ਾਸਤਰ ਅਤੇ ਸੱਭਿਆਚਾਰ ਵਿੱਚ ਜਾਪਾਨ-ਭਾਰਤ ਸਬੰਧਾਂ ਨੂੰ ਮਜ਼ਬੂਤ ਬਣਾਇਆ ਜਾਵੇਗਾ।"

ਪ੍ਰੋਫੈਸਰ (ਡਾ.) ਸੀ. ਰਾਜ ਕੁਮਾਰ ਨੇ ਫਿਰ ਉਦਘਾਟਨੀ ਭਾਸ਼ਣ ਦਿੱਤਾ, ਜਿਸ ਵਿੱਚ ਝਘੂ ਦੀ ਜਾਪਾਨ ਪ੍ਰਤੀ ਲੰਬੇ ਸਮੇਂ ਦੀ ਵਚਨਬੱਧਤਾ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਥਾਈ ਪੁਲਾਂ ਵਜੋਂ ਯੂਨੀਵਰਸਿਟੀਆਂ ਦੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕੀਤੀ ਗਈ।

ਐੱਚ.ਈ. ਸ਼੍ਰੀ ਆਰ. ਮਧੂ ਸੁਦਾਨ, ਚਾਰਜ ਡੀ'ਅਫੇਅਰਜ਼, ਭਾਰਤੀ ਦੂਤਾਵਾਸ, ਟੋਕੀਓ ਦੁਆਰਾ ਇੱਕ ਵਿਸ਼ੇਸ਼ ਭਾਸ਼ਣ ਦਿੱਤਾ ਗਿਆ, ਜਿਨ੍ਹਾਂ ਨੇ ਭਾਰਤ ਅਤੇ ਜਾਪਾਨ ਵਿਚਕਾਰ ਡੂੰਘੇ ਅਕਾਦਮਿਕ ਅਤੇ ਸੰਸਥਾਗਤ ਸਹਿਯੋਗ ਲਈ ਮਿਸ਼ਨ ਦੇ ਨਿੱਘੇ ਸਮਰਥਨ ਦਾ ਪ੍ਰਗਟਾਵਾ ਕੀਤਾ ਅਤੇ ਦੋਵਾਂ ਦੇਸ਼ਾਂ ਦੀ ਵਿਸ਼ੇਸ਼ ਰਣਨੀਤਕ ਅਤੇ ਵਿਸ਼ਵਵਿਆਪੀ ਭਾਈਵਾਲੀ ਵਿੱਚ ਸਮੇਂ ਸਿਰ ਯੋਗਦਾਨ ਵਜੋਂ ਫੋਰਮ ਦਾ ਸਵਾਗਤ ਕੀਤਾ।

ਇਸ ਤੋਂ ਬਾਅਦ ਮੁੱਖ ਭਾਸ਼ਣ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦੇ ਕੈਬਨਿਟ ਦੇ ਸਾਬਕਾ ਵਿਸ਼ੇਸ਼ ਸਲਾਹਕਾਰ ਪ੍ਰੋਫੈਸਰ (ਡਾ.) ਟੋਮੋਹਿਕੋ ਤਾਨਿਗੁਚੀ ਦੁਆਰਾ ਦਿੱਤਾ ਗਿਆ, ਜਿਨ੍ਹਾਂ ਨੇ ਭਾਰਤ-ਜਾਪਾਨ ਸਬੰਧਾਂ ਦੇ ਰਣਨੀਤਕ ਪਹਿਲੂਆਂ ਅਤੇ ਹਿੰਦ-ਪ੍ਰਸ਼ਾਂਤ ਅਤੇ ਵੱਡੇ ਪੱਧਰ 'ਤੇ ਦੁਨੀਆ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਗਿਆਨ, ਨਵੀਨਤਾ ਅਤੇ ਉੱਚ ਸਿੱਖਿਆ ਦੀ ਭੂਮਿਕਾ 'ਤੇ ਵਿਚਾਰ-ਵਟਾਂਦਰਾ ਕੀਤਾ।

ਇੱਕ ਮੁੱਖ ਆਕਰਸ਼ਣ ਸ਼ਸ਼ੀ ਥਰੂਰ, ਸੰਸਦ ਮੈਂਬਰ, ਲੋਕ ਸਭਾ, ਭਾਰਤ, ਅਤੇ ਵਿਦੇਸ਼ ਮਾਮਲਿਆਂ ਬਾਰੇ ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਦੁਆਰਾ ਦਿੱਤਾ ਗਿਆ ਵਿਸ਼ੇਸ਼ ਜਨਤਕ ਭਾਸ਼ਣ ਸੀ। ਯੂਨੀਵਰਸਿਟੀ ਦੇ ਆਗੂਆਂ, ਡਿਪਲੋਮੈਟਾਂ ਅਤੇ ਵਿਦਿਆਰਥੀਆਂ ਦੇ ਪੂਰੇ ਅਤੇ ਵਿਸ਼ੇਸ਼ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ, ਥਰੂਰ ਨੇ ਭਾਰਤ ਅਤੇ ਜਾਪਾਨ ਵਿਚਕਾਰ ਵਿਕਸਤ ਹੋ ਰਹੇ ਸਬੰਧਾਂ ਅਤੇ ਤੇਜ਼ ਤਕਨੀਕੀ ਤਬਦੀਲੀ ਦੇ ਯੁੱਗ ਵਿੱਚ ਏਸ਼ੀਆ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਉੱਚ ਸਿੱਖਿਆ, ਵਿਚਾਰਾਂ ਅਤੇ ਲੋਕਾਂ-ਤੋਂ-ਲੋਕਾਂ ਦੀ ਸ਼ਮੂਲੀਅਤ ਦੀ ਭੂਮਿਕਾ 'ਤੇ ਵਿਚਾਰ ਕੀਤਾ।

ਆਪਣੀਆਂ ਟਿੱਪਣੀਆਂ ਦੇ ਦੌਰਾਨ, ਉਨ੍ਹਾਂ ਨੇ ਜਾਪਾਨ ਨਾਲ ਡੂੰਘੇ ਅਤੇ ਸਥਾਈ ਅਕਾਦਮਿਕ ਸਬੰਧਾਂ ਨੂੰ ਬਣਾਉਣ ਵਿੱਚ ਝਘੂ ਦੇ ਨਿਰੰਤਰ ਅਤੇ ਸੂਝਵਾਨ ਯਤਨਾਂ ਦੀ ਗਰਮਜੋਸ਼ੀ ਨਾਲ ਸ਼ਲਾਘਾ ਕੀਤੀ, ਇਹ ਦੇਖਿਆ ਕਿ ਇਸ ਤਰ੍ਹਾਂ ਦੀ ਸੰਸਥਾਗਤ ਪਹਿਲਕਦਮੀ ਉਨ੍ਹਾਂ ਲੋਕਾਂ-ਤੋਂ-ਲੋਕਾਂ ਦੀਆਂ ਨੀਂਹਾਂ ਨੂੰ ਦਰਸਾਉਂਦੀ ਹੈ ਜਿਨ੍ਹਾਂ 'ਤੇ ਸਥਾਈ ਦੁਵੱਲੇ ਸਬੰਧ ਬਣਾਏ ਜਾਂਦੇ ਹਨ।

ਸੈਸ਼ਨ ਵਿੱਚ ਜੇਜੀਯੂ ਦੇ ਅਕਾਦਮਿਕ ਪ੍ਰਸ਼ਾਸਨ ਦਫ਼ਤਰ ਦੇ ਡੀਨ, ਪ੍ਰੋਫੈਸਰ ਪਦਮਨਾਭ ਰਾਮਾਨੁਜਮ ਦੁਆਰਾ ਜੇਜੀਯੂ ਸਥਿਰਤਾ ਰਿਪੋਰਟ 2026 ਦੀ ਸ਼ੁਰੂਆਤ ਵੀ ਕੀਤੀ ਗਈ।

ਫੋਰਮ ਦੀ ਪੈਨਲ ਚਰਚਾ ਨੇ ਜਾਪਾਨ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਸੀਨੀਅਰ ਨੇਤਾਵਾਂ ਦੇ ਇੱਕ ਸਤਿਕਾਰਯੋਗ ਇਕੱਠ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਜੇਜੀਯੂ ਦੇ ਸੰਸਥਾਪਕ ਵਾਈਸ ਚਾਂਸਲਰ, ਪ੍ਰੋਫੈਸਰ (ਡਾ.) ਸੀ. ਰਾਜ ਕੁਮਾਰ ਦੁਆਰਾ ਸੰਚਾਲਿਤ, ਪੈਨਲ ਵਿੱਚ ਪ੍ਰੋਫੈਸਰ (ਡਾ.) ਕਾਓਰੀ ਹਯਾਸ਼ੀ, ਕਾਰਜਕਾਰੀ ਉਪ-ਪ੍ਰਧਾਨ, ਟੋਕੀਓ ਯੂਨੀਵਰਸਿਟੀ; ਪ੍ਰੋਫੈਸਰ (ਡਾ.) ਸ਼ੋਇਚਿਰੋ ਇਵਾਕੀਰੀ, ਪ੍ਰਧਾਨ, ਇੰਟਰਨੈਸ਼ਨਲ ਕ੍ਰਿਸ਼ਚੀਅਨ ਯੂਨੀਵਰਸਿਟੀ; ਪ੍ਰੋਫੈਸਰ (ਡਾ.) ਨੋਰੀਯੂਕੀ ਤਾਕਾਹਾਸ਼ੀ,ਪ੍ਰਧਾਨ, ਮੁਸਾਸ਼ੀ ਯੂਨੀਵਰਸਿਟੀ; ਪ੍ਰੋਫੈਸਰ (ਡਾ.) ਮਿਕੀ ਸੁਗੀਮੁਰਾ, ਪ੍ਰਧਾਨ, ਸੋਫੀਆ ਯੂਨੀਵਰਸਿਟੀ; ਪ੍ਰੋਫੈਸਰ (ਡਾ.) ਨੋਬੂਓ ਹਾਰੂਨਾ, ਪ੍ਰਧਾਨ, ਟੋਕੀਓ ਯੂਨੀਵਰਸਿਟੀ ਆਫ਼ ਫਾਰੇਨ ਸਟੱਡੀਜ਼; ਪ੍ਰੋਫੈਸਰ (ਡਾ.) ਮੈਥਿਊ ਵਿਲਸਨ, ਪ੍ਰਧਾਨ ਅਤੇ ਡੀਨ, ਟੈਂਪਲ ਯੂਨੀਵਰਸਿਟੀ, ਜਾਪਾਨ ਕੈਂਪਸ; ਪ੍ਰੋਫੈਸਰ (ਡਾ.) ਮਾਸਾਹੀਕੋ ਜੇਮਾ, ਉਪ ਪ੍ਰਧਾਨ, ਵਾਸੇਦਾ ਯੂਨੀਵਰਸਿਟੀ; ਅਤੇ ਜਸਟਿਸ ਮਾਈਕਲ ਡੀ. ਵਿਲਸਨ, ਸਾਬਕਾ ਜੱਜ, ਹਵਾਈ ਸੁਪਰੀਮ ਕੋਰਟ।

ਫੋਰਮ ਨੇ 2026 ਦੀਆਂ ਗਰਮੀਆਂ ਵਿੱਚ ਜਾਪਾਨ ਭਰ ਦੀਆਂ ਝਘੂ ਦੀਆਂ ਭਾਈਵਾਲ ਯੂਨੀਵਰਸਿਟੀਆਂ ਵਿੱਚ ਸ਼ਾਰਟ-ਟਰਮ ਸਟੱਡੀ ਅਬਰੌਡ ਪ੍ਰੋਗਰਾਮ (ਸ਼ਠ-ਸ਼ਅਫਸ) ਪੂਰੇ ਕਰਨ ਵਾਲੇ ਲਗਭਗ 200 ਝਘੂ ਵਿਦਿਆਰਥੀਆਂ ਲਈ ਇੱਕ ਸਰਟੀਫਿਕੇਟ ਵੰਡ ਸਮਾਰੋਹ ਦੀ ਮੇਜ਼ਬਾਨੀ ਵੀ ਕੀਤੀ, ਜਿਸ ਵਿੱਚ ਚੂਓ ਯੂਨੀਵਰਸਿਟੀ, ਕਿਓਰਿਨ ਯੂਨੀਵਰਸਿਟੀ, ਮੁਸਾਸ਼ੀ ਯੂਨੀਵਰਸਿਟੀ, ਟੈਂਪਲ ਯੂਨੀਵਰਸਿਟੀ, ਜਾਪਾਨ ਕੈਂਪਸ, ਟੋਕੀਓ ਯੂਨੀਵਰਸਿਟੀ ਅਤੇ ਯਾਮਾਨਾਸ਼ੀ ਯੂਨੀਵਰਸਿਟੀ ਸ਼ਾਮਲ ਹਨ। ਇਹ ਸਮਾਰੋਹ ਪ੍ਰੋਫੈਸਰ ਹਿਨਾਹੋ ਕਿਸ਼ੀ, ਸਹਾਇਕ ਪ੍ਰੋਫੈਸਰ ਅਤੇ ਸਹਾਇਕ ਨਿਰਦੇਸ਼ਕ, ਅੰਤਰਰਾਸ਼ਟਰੀ ਮਾਮਲਿਆਂ ਅਤੇ ਗਲੋਬਲ ਪਹਿਲਕਦਮੀਆਂ ਦੇ ਦਫਤਰ, ਜੇਜੀਯੂ, ਅਤੇ ਜਿੰਦਲ ਗਲੋਬਲ ਬਿਜ਼ਨਸ ਸਕੂਲ, ਝਘੂ ਵਿਖੇ ਬੈਚਲਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ (ਆਨਰਜ਼) ਪ੍ਰੋਗਰਾਮ ਦੀ ਵਿਦਿਆਰਥਣ, ਅਨੰਨਿਆ ਲਾਲ ਦੁਆਰਾ ਪੇਸ਼ ਕੀਤਾ ਗਿਆ।

ਇਸ ਮੌਕੇ 'ਤੇ ਬੋਲਦੇ ਹੋਏ, ਝਘੂ ਦੇ ਸੰਸਥਾਪਕ ਵਾਈਸ ਚਾਂਸਲਰ, ਪ੍ਰੋਫੈਸਰ (ਡਾ.) ਸੀ. ਰਾਜ ਕੁਮਾਰ ਨੇ ਕਿਹਾ: "ਤੀਜਾ ਭਾਰਤ-ਜਾਪਾਨ ਉੱਚ ਸਿੱਖਿਆ ਫੋਰਮ, ਉੱਚ ਸਿੱਖਿਆ, ਖੋਜ, ਨਵੀਨਤਾ, ਵਿਦਿਆਰਥੀ ਗਤੀਸ਼ੀਲਤਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਯੂਨੀਵਰਸਿਟੀਆਂ ਦੇ ਭਵਿੱਖ 'ਤੇ ਨਿਰੰਤਰ ਸੰਵਾਦ ਰਾਹੀਂ ਭਾਰਤ ਅਤੇ ਜਾਪਾਨ ਵਿਚਕਾਰ ਸਥਾਈ ਪੁਲ ਬਣਾਉਣ ਲਈ ਝਘੂ ਦੀ ਸਥਾਈ ਵਚਨਬੱਧਤਾ ਨੂੰ ਦਰਸਾਉਂਦਾ ਹੈ। ਜਿਵੇਂ ਕਿ ਅਸੀਂ ਤਕਨਾਲੋਜੀ ਦੀਆਂ ਅਸਾਧਾਰਨ ਸੰਭਾਵਨਾਵਾਂ ਨੂੰ ਅਪਣਾਉਂਦੇ ਹਾਂ, ਯੂਨੀਵਰਸਿਟੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਸਮਝ ਨੂੰ ਡੂੰਘਾ ਕਰੇ, ਜਨਤਕ ਭਲਾਈ ਨੂੰ ਅੱਗੇ ਵਧਾਏ ਅਤੇ ਵਿਸ਼ਵਵਿਆਪੀ ਸਹਿਯੋਗ ਨੂੰ ਮਜ਼ਬੂਤ ਕਰੇ।

ਯੂਨੀਵਰਸਿਟੀਆਂ ਨੂੰ ਮਨੁੱਖੀ ਮੁੱਲਾਂ, ਆਲੋਚਨਾਤਮਕ ਸੋਚ, ਨੈਤਿਕ ਨਿਰਣੇ ਅਤੇ ਜਨਤਕ ਉਦੇਸ਼ ਦੇ ਰਖਵਾਲੇ ਬਣੇ ਰਹਿਣਾ ਚਾਹੀਦਾ ਹੈ ਭਾਵੇਂ ਉਹ ਤੇਜ਼ੀ ਨਾਲ ਬਦਲ ਰਹੇ ਸੰਸਾਰ ਲਈ ਭਵਿੱਖ ਦੀਆਂ ਪੀੜ੍ਹੀਆਂ ਨੂੰ ਤਿਆਰ ਕਰਦੀਆਂ ਹਨ। ਇਹ ਤਕਨੀਕੀ ਮਹੱਤਵਾਕਾਂਖਾ ਅਤੇ ਮਾਨਵਵਾਦੀ ਉਦੇਸ਼ ਦੇ ਇਸ ਮੇਲ ਵਿੱਚ ਹੈ ਕਿ ਭਵਿੱਖ ਦੀਆਂ ਯੂਨੀਵਰਸਿਟੀਆਂ ਦਾ ਆਕਾਰ ਬਣੇਗਾ, ਅਤੇ ਭਾਰਤ ਅਤੇ ਜਾਪਾਨ ਉਸ ਯਤਨ ਵਿੱਚ ਕੁਦਰਤੀ ਭਾਈਵਾਲ ਹਨ।"

ਪ੍ਰੋਫੈਸਰ (ਡਾ.) ਅਖਿਲ ਭਾਰਦਵਾਜ, ਕਾਰਜਕਾਰੀ ਡੀਨ ਅਤੇ ਡਾਇਰੈਕਟਰ, ਦਫਤਰ ਆਫ ਇੰਟਰਨੈਸ਼ਨਲ ਅਫੇਅਰਜ਼ ਐਂਡ ਗਲੋਬਲ ਇਨੀਸ਼ੀਏਟਿਵਜ਼, ਜੇਜੀਯੂ ਨੇ ਕਿਹਾ: "ਜੇਜੀਯੂ ਦੀ ਜਾਪਾਨ ਵਿੱਚ ਸ਼ਮੂਲੀਅਤ ਇੱਕ ਸਿੰਗਲ ਈਵੈਂਟ ਤੋਂ ਕਿਤੇ ਵੱਧ ਹੈ।

ਇਹ ਫੋਰਮ ਅਰਥਪੂਰਨ ਭਾਈਵਾਲੀ ਬਣਾਉਣ, ਵਿਦਿਆਰਥੀ ਅਤੇ ਫੈਕਲਟੀ ਗਤੀਸ਼ੀਲਤਾ ਨੂੰ ਡੂੰਘਾ ਕਰਨ, ਅਤੇ ਭਾਰਤੀ ਅਤੇ ਜਾਪਾਨੀ ਯੂਨੀਵਰਸਿਟੀਆਂ ਵਿਚਕਾਰ ਨਿਰੰਤਰ ਅਕਾਦਮਿਕ ਸਹਿਯੋਗ ਲਈ ਸਥਾਈ ਪਲੇਟਫਾਰਮ ਬਣਾਉਣ ਲਈ ਇੱਕ ਵੱਡੇ ਸੰਸਥਾਗਤ ਯਤਨ ਨੂੰ ਦਰਸਾਉਂਦਾ ਹੈ। ਫੋਰਮ, ਸਾਡੇ ਵਿਦੇਸ਼ ਅਧਿਐਨ ਪ੍ਰੋਗਰਾਮ ਅਤੇ ਜਾਪਾਨ ਭਰ ਦੇ ਭਾਈਵਾਲਾਂ ਨਾਲ ਸਾਡੇ ਸਬੰਧਾਂ ਦੀ ਚੌੜਾਈ ਇਕੱਠੇ ਭਾਰਤ-ਜਾਪਾਨ ਸਬੰਧਾਂ ਦੀ ਲੋਕਾਂ-ਤੋਂ-ਲੋਕਾਂ ਦੀ ਨੀਂਹ ਵਿੱਚ ਇੱਕ ਲੰਬੇ ਸਮੇਂ ਦੇ ਨਿਵੇਸ਼ ਨੂੰ ਦਰਸਾਉਂਦੀ ਹੈ।"

ਤੀਜਾ ਭਾਰਤ-ਜਾਪਾਨ ਉੱਚ ਸਿੱਖਿਆ ਫੋਰਮ 2026 ਨੇ ਪੁਸ਼ਟੀ ਕੀਤੀ ਕਿ ਭਾਰਤ-ਜਾਪਾਨ ਸਬੰਧਾਂ ਦਾ ਭਵਿੱਖ ਸਿਰਫ਼ ਸਰਕਾਰਾਂ ਅਤੇ ਬਾਜ਼ਾਰਾਂ ਦੁਆਰਾ ਹੀ ਨਹੀਂ, ਸਗੋਂ ਯੂਨੀਵਰਸਿਟੀਆਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦੁਆਰਾ ਵੀ ਬਣਾਇਆ ਜਾਵੇਗਾ ਜੋ ਸੱਭਿਆਚਾਰਾਂ ਵਿੱਚ ਵਿਸ਼ਵਾਸ ਪੈਦਾ ਕਰਦੇ ਹਨ, ਨਵਾਂ ਗਿਆਨ ਪੈਦਾ ਕਰਦੇ ਹਨ, ਅਤੇ ਦੋਵਾਂ ਦੇਸ਼ਾਂ ਦੇ ਨੇਤਾਵਾਂ ਦੀ ਅਗਲੀ ਪੀੜ੍ਹੀ ਨੂੰ ਇੱਕ ਦੂਜੇ ਨਾਲ ਅਤੇ ਇੱਕ ਦੂਜੇ ਤੋਂ ਸਿੱਖਣ ਲਈ ਤਿਆਰ ਕਰਦੇ ਹਨ।




Space available for Ad
Contact # +1 (209) 303-1260
Contact # +91 81463-20009


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND
CLOTHING STALLS
RAFFLE DRAWING FOR GOLD ITEMS
AND MORE PRIZES
Free Entry
Free Parking
PHOTO & VIDEOGRAPHY BY
PAL FILMS
PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-464-3414
FOOD BY
DOSA PLACE

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 241**

ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਪ੍ਰਸੰਗ:-

ਇਹ ਪਾਵਨ ਸ਼ਬਦ ਸ਼ਹਾਦਤ ਦੇ ਪੁੰਜ ਪੰਜਵੇਂ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਰਸਨਾ ਤੋਂ ਉਚਰਿਤ ਹੈ। ਇਹ ਰਾਗ ਗਉੜੀ ਦੇ ਤਹਿਤ ਗਾਉਣ ਦੀ ਹਿਦਾਇਤ ਹੈ। ਸਾਹਿਬ ਫਰਮਾਉਂਦੇ ਹਨ ਉਹ ਪ੍ਰਭੂ ਪਰਮਾਤਮਾ ਅਕਾਲ ਪੁਰਖ ਇੱਕ ਹੈ ਤੇ ਸੱਚੇ ਗੁਰੂ ਦੀ ਕਿਰਪਾ ਸਦਕਾ ਹੀ ਮਿਲਦਾ ਹੈ

ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥ ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥੧॥ ਹਉ ਵਾਰੀਆ ਹਰਿ ਵਾਰੀਆ ॥੧॥ ਰਹਾਉ ॥ ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ ॥ ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ ॥੨॥ ਮੋਹਨ ਲਾਲ ਅਨੂਪ ਸਰਬ ਸਾਧਾਰੀਆ ॥ ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ ॥੩॥ ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ ॥ ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ ॥੪॥ ਚਹੁ ਦਿਸਿ ਜਪੀਐ ਨਾਉ ਸੂਖਿ ਸਵਾਰੀਆ ॥ ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ ॥੫॥ ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥ ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥ ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥ ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥ {ਪੰਨਾ 241}

ਭਾਵ ਅਰਥ:-

ਹੇ ਭਾਈ ! ਉਸ ਭਗਵਾਨ ਨੂੰ ਅਣਗਿਣਤ ਲੋਕ ਖੋਜਦੇ ਹਾਰ ਗਏ, ਪਰ ਉਸ ਦਾ ਅੰਤ ਨਹੀਂ ਪਾ ਸਕੇ। ਪਰ ਅਸਲੀ ਭਗਤੀ ਉਹੀ ਜਨ ਪਾ ਸਕੇ ਜਿਨਾਂ ਉੱਤੇ ਦਾਤੇ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ॥੧।

ਮੈਂ ਉਸ (ਅਪਰੰਪਾਰ) ਤੋਂ ਸਦਕੇ ਜਾਂਦਾ ਹਾਂ॥੧॥ ਰਹਾਉ॥

ਉਸ ਦਾਤੇ ਦਾ ਨਾਮ ਬਾਣੀ ਸੁਣ ਕੇ ਬਹੁਤ ਸਾਰੇ ਲੋਕਾਂ ਦੇ ਅੰਦਰੋਂ ਡਰ ਭੈ ਦੂਰ ਹੋ ਗਿਆ ਹੈ। ਮੈਨੂੰ ਵੀ ਸਾਧ ਸੰਗਤ ਵਿੱਚੋਂ ਉਸ ਪ੍ਰਭੂ ਪਰਮਾਤਮਾ ਦਾ ਸਹਾਰਾ ਮਿਲਿਆ ਹੈ ਤੇ ਉਸ ਨੇ ਇਸ ਡਰ ਤੋਂ ਬਾਹਰ ਕੱਢ ਦਿੱਤਾ ਹੈ॥੨॥

ਉਹ ਰੂਪ ਤੋਂ ਬਗੈਰ ਮੋਹਨ ਵਾਹਿਗੁਰੂ ਜੀਵਨ ਦੇ ਸਾਰੇ ਵਿੰਗ ਟੇਢ ਆਪੇ ਹੀ ਕੱਢ ਦਿੰਦਾ ਹੈ। ਇਸ ਦੇ ਨਾਲ ਹੀ ਮੈਂ ਜਦੋਂ ਗੁਰੂ ਦੇ ਨਿਉਂ ਨਿਉਂ ਕੇ ਚਰਨ ਛੂੰਹਦਾ ਹਾਂ ਤਾਂ ਪ੍ਰਭੂ ਪਰਮਾਤਮਾ ਦੇ ਦਰਸ਼ਨ ਦੀਦਾਰੇ ਮਿਲ ਜਾਂਦੇ ਹਨ॥੩॥

ਹੇ ਭਾਈ! ਭਾਵੇਂ ਮੈਂ ਅਨੇਕਾਂ ਸੱਜਣ ਮਿੱਤਰ ਬਣਾਏ , ਪਰ (ਇਕੋ ਹੀ( ਉਹ ਪਾਰਬ੍ਰਹਮ ਪਰਮੇਸ਼ਵਰ )ਮੇਰੇ ਕੰਮ ਆਇਆ) ਤੇ ਮੈਂ ਉਹਦੇ ਤੋਂ ਸਦਕੇ ਜਾਂਦਾ ਹਾਂ। ਸਿਰਫ ਇਕ ਨਾਰਾਇਣ ਪ੍ਰਭੂ ਹੀ ਸੰਪੂਰਨ ਹੈ ਬਾਕੀ ਹੋਰ ਮੈਨੂੰ ਕਿਸੇ ਵਿੱਚ ਸੰਪੂਰਨਤਾ ਨਜ਼ਰ ਨਹੀਂ ਆਈ॥੪॥

ਹੇ ਭਾਈ! ਚਾਰਾਂ ਦਿਸ਼ਾਵਾਂ ਵੱਲ ਨੂੰ ਉਹ ਇੱਕੋ ਹੀ ਅਕਾਲ ਪੁਰਖ ਵਸਦਾ ਹੈ, ਇਸ ਲਈ ਚਾਰੇ ਪਾਸੇ ਉਹਦਾ ਨਾਮ ਲੈਣਾ ਕਰ ,ਉਹਦੀ ਭਜਨ ਬੰਦਗੀ ਕਰ, ਸਿਮਰਨ ,ਕਰ ਜਿਸ ਨਾਲ ਤੇਰਾ ਜੀਵਨ ਸੰਵਰ ਜਾਵੇ। ਦਾਸ ਨਾਨਕ ਫਰਮਾਉਂਦੇ ਹਨ! ਮੈਨੂੰ ਉਸ ਦਾਤੇ ਦੀ ਪੂਰੀ ਟੇਕ ਹੈ ਤੇ ਮੈਂ ਉਹਦੇ ਤੋਂ ਸਦਾ ਬਲਿਹਾਰ ਜਾਂਦਾ ਹਾਂ॥੫॥

ਹੇ ਭਾਈ! ਮੇਰੇ ਉੱਤੇ ਉਸ ਗੁਰੂ ਦੀ ਇੰਨੀ ਕਿਰਪਾ ਹੋਈ ਹੈ ਕਿ ਉਹਨੇ ਬਾਂਹ ਪਸਾਰ ਕੇ ਮੈਨੂੰ( ਪਾਪਾਂ ਦੇ) ਗਹਿਰੇ ਖੂਹ ਵਿੱਚੋਂ ਬਾਹਰ ਕੱਢ ਲਿਆ ਹੈ। ਹੁਣ ਮੈਨੂੰ ਇਦਾਂ ਲੱਗਦਾ ਹੈ ਕਿ ਮੈਂ ਜੀਵਨ ਨੂੰ ਸਾਰਥਕ ਕਰਕੇ ਚਲਿਆ ਹਾਂ ॥੬॥

ਮੈਨੂੰ ਪਰਮਾਤਮਾ ਦੇ ਰੂਪ ਵਿੱਚ ਇੱਕ ਅਜਿਹਾ ਖਜ਼ਾਨਾ ਮਿਲ ਗਿਆ ਹੈ ਜਿਸ ਬਾਰੇ ਸੰਪੂਰਨ ਤੌਰ ਤੇ ਵਿਆਖਿਆਨ ਨਹੀਂ ਕੀਤਾ ਜਾ ਸਕਦਾ। ਉਸ ਪ੍ਰਭੂ ਪਰਮਾਤਮਾ ਨੇ ਮੈਨੂੰ ਬਾਹਾਂ ਅੱਗੇ ਵਧਾ ਕੇ ਆਪਣੇ ਦਰਬਾਰ ਵਿੱਚ ਗਲੇ ਲਾ ਲਿਆ ਹੈ॥੭॥

ਦਾਸ ਨਾਨਕ ਫਰਮਾਉਂਦੇ ਹਨ !ਮੈਨੂੰ ਅਕਾਲ ਪੁਰਖ ਦੇ ਰੂਪ ਵਿੱਚ ਇਕ ਬੇਸ਼ਕੀਮਤੀ ਹੀਰਾ ਮਿਲ ਗਿਆ ਹੈ। ਮੈਂ ਤਾਂ ਉੱਚੀ ਉੱਚੀ ਸਭ ਨੂੰ ਦੱਸਦਾ ਹਾਂ ਕਿ ਪ੍ਰਭੂ ਪਰਮਾਤਮਾ ਦੀ ਬੰਦਗੀ ਨੇ ਮੈਨੂੰ ਡੁੱਬਦੇ ਨੂੰ ਤਾਰ ਦਿੱਤਾ ਹੈ॥੮॥

ਗਉੜੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥ ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥ ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥ ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥ ਹਰਿ ਸੰਤਨ ਕਰਿ ਨਮੋ ਨਮੋ ॥ ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥ ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥ ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥ ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥ ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥ {ਪੰਨਾ 241}

ਭਾਵ ਅਰਥ:-

ਹੇ ਭਾਈ! ਆਪਣੀ ਜ਼ਿਬਾ ਨਾਲ ਪਰਮਾਤਮਾ ਦਾ ਨਾਮ ਉਸੇ ਕੋਲੋਂ ਮੰਗ , ਸਦਾ ਹੀ ਜਪਣਾ ਕਰ ਤੇ ਉਹਦੇ ਨਾਮ ਵਿੱਚ ਰੰਗਿਆ ਜਾ॥੧॥

ਰਹਾਉ॥ ਹੇ ਬੰਦੇ ਗੁਰੂ ਦੇ ਗਿਆਨ ਦੀ ਪਰਮਾਤਮਾ ਦੇ ਨਾਮ ਰੂਪ ਵਿੱਚ ਚਰਚਾ ਕਰਕੇ ਆਪਣੇ ਅੰਦਰ ਦੇ ਹੰਕਾਰ ਨੂੰ ਮਾਰ ਲੈ। ਜੇ ਪਰਮਾਤਮਾ ਦੇ ਦਰ ਤੋਂ ਭਾਗਾਂ ਵਿੱਚ ਸਾਧ ਜਨਾਂ ਦੀ ਸੰਗਤ ਲਿਖੀ ਹੈ ਤਾਂ ਉਹ ਸੰਗਤ ਦੇ ਵਿੱਚ ਰਲ ਕੇ ਜੀਵਨ ਸਫਲਾ ਕਰੋ॥੧॥

ਹਰ ਜਿਉਂਦੀ ਚੀਜ ਜਾਂ ਨਜ਼ਰ ਆਉਣ ਵਾਲੀ ਹਰ ਵਸਤੂ ਨਾਸ਼ਵਾਨ ਹੈ ਇਸ ਨੇ ਕਦੇ ਵੀ ਨਾਲ ਨਹੀਂ ਜਾਣਾ। ਪਾਪ ਵਿੱਚ ਗੁਝੇ ਹੋਏ ਲੋਕ ਇਸੇ ਪਾਪ ਵਿੱਚ ਹੀ ਮਰ ਮੁਕ ਜਾਂਦੇ ਹਨ॥੧॥

ਹੇ ਭਾਈ ! ਉਸ ਗੋਬਿੰਦ ਪ੍ਰਭੂ ਦੇ ਨਾਮ ਵਿੱਚ ਸਦਾ ਹੀ ਰੰਗਿਆ ਰਹਿ ਕਰੋੜਾਂ ਹੀ ਗੁਰਮੁਖਾਂ ਨੇ ਇਸੇ ਤਰ੍ਹਾਂ ਪਰਮਾਤਮਾ ਨੂੰ ਪਾਇਆ ਹੈ॥੩॥

ਸੰਤਾਂ ਦੀ ਸੰਗ ਕਰਕੇ ਸਦਾ ਹੀ ਪਰਮਾਤਮਾ ਦਾ ਨਾਮ ਪੜਾਉਣਾ ਕਰੋ। ਇਸ ਤਰਾਂ ਹੇ ਬੰਦਿਆ ਤੂੰ ਨੌ ਨਿਧੀਆਂ ਅਤੇ ਬੇਅੰਤ ਸੁਖ ਹਾਸਲ ਕਰੇਗਾ॥੪॥

ਹੇ ਭਾਈ !ਜਦੋਂ ਮੇਰੀ ਤਾਂ ਤਮੰਨਾ ਹੈ ਕਿ ਮੈਂ ਉਸ ਪ੍ਰਭੂ ਪਰਮਾਤਮਾ ਦੇ ਦਰਸ਼ਨ ਦੀਦਾਰੇ ਕਰ ਸਕਾਂ ਅਤੇ ਹਰ ਰੋਜ਼ ਉਸਦੇ ਨਾਮ ਨੂੰ ਧਿਆਉਂਦਾ ਰਵਾਂ॥੬॥

ਗੁਰੂ ਦੇ ਗਿਆਨ ਦੇ ਦਿੱਤੇ ਹੋਏ ਦੀਪਕ ਨਾਲ ਮੇਰੇ ਹਿਰਦੇ ਅੰਦਰੋਂ ਹਨੇਰਾ ਦੂਰ ਹੋ ਜਾਵੇ ॥੭॥

ਹੇ ਭਾਈ ! ਜਿਸ ਨੇ ਪਾਰਬ੍ਰਹਮ ਪਰਮੇਸ਼ਵਰ ਦੀ ਸਿਫਤ ਸਲਾਹ ਵਿੱਚ ਆਪਣੇ ਆਪ ਨੂੰ ਲਾ ਲਿਆ ਨਾਨਕ ਕਹਿੰਦੇ ਹਨ ਉਹ ਗੁਰਮੁਖ ਇਸ ਜਗਤ ਤੋਂ ਤਰ ਗਿਆ॥੮॥

ਮਹਲਾ ੫ ਗਉੜੀ ॥

ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥ ਮੇਰੈ ਮਨਿ ਸਭਿ ਸੁਖ ਪਾਇਓ ॥੧॥ ਰਹਾਉ ॥ ਬਲਤੋ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥ ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥ ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥ ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥੪॥ ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ ॥੫॥ ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ ॥੬॥ ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ ॥੭॥ ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ ॥੮॥੨॥੧੪॥ {ਪੰਨਾ 241}

ਭਾਵ ਅਰਥ:-

ਹੇ ਭਾਈ! ਗੁਰੂ ਅਤੇ ਪਰਮਾਤਮਾ ਦਾ ਨਾਮ ਜਪਦਿਆਂ ਜਪਦਿਆਂ ਹਰ ਤਰ੍ਹਾਂ ਦਾ ਭਰਮ ਤੇ ਬੇਵਿਸ਼ਵਾਸੀ ਖਤਮ ਹੋ ਜਾਂਦੇ ਹਨ, ਇਸ ਤਰਾਂ ਹੇ ਮੇਰੇ ਮਨਾ ਸਾਰੇ ਹੀ ਸੁਖ ਹਾਸਿਲ ਹੋ ਜਾਂਦੇ ਹਨ॥੧॥ ਰਹਾਉ॥

ਜਦੋਂ ਗੁਰੂ ਦੇ ਦਿੱਤੇ ਹੋਏ ਗਿਆਨ ਦਾ ਦੀਪਕ ਜਲ ਉੱਠਿਆ ਤਾਂ ਅਗਿਆਨਤਾ ਦਾ ਹਨੇਰਾ ਖਤਮ ਹੋ ਗਿਆ ਹੈ॥੨॥

ਇਹ ਸੰਸਾਰ ਦਾ ਗਹਿਰਾ ਸਾਗਰ , ਸੰਤ ਜਨਾ ਦੇ ਦੱਸੇ ਹੋਏ ਮਾਰਗ ਦੀ ਬੇੜੀ ਉੱਤੇ ਚੜ ਕੇ ਪਾਰ ਤਰਿਆ ਜਾ ਸਕਦਾ ਹੈ॥੩॥

ਹੇ ਭਾਈ! ਸਾਨੂੰ ਕੋਈ ਧਰਮ ਕਰਮ ਦਾ ਬੋਧ ਨਹੀਂ ਸੀ, ਉਸ ਸਦਾ ਥਿਰ ਪ੍ਰਭੂ ਨੇ ਆਪ ਹੀ ਆਪਣੀ ਬਾਂਹ ਵਧਾ ਕੇ ਆਪਣੇ ਗਲ ਨਾਲ ਲਾ ਲਿਆ ਹੈ॥੪॥

ਉਹ ਦਾਤਾ ਜਿਸ ਦਾ ਨਾਮ ਡਰ ਤੋੜਨ ਵਾਲਾ, ਦੁਖ ਦਰਦ ਭੰਨਣ ਵਾਲਾ , ਭਗਤਾਂ ਦੀ ਰੱਖਿਆ ਕਰਨ ਵਾਲਾ ਹੈ॥੫॥

ਉਹ ਸੱਚਾ ਪਾਤਸ਼ਾਹ ਅਨਾਥਾਂ ਦਾ ਮਾਲਕ ਹੈ, ਠਾਕੁਰ ਹੈ ਦੀਨ ਦੁਖੀਆਂ ਦੇ ਉੱਤੇ ਕਿਰਪਾ ਕਰਨ ਵਾਲਾ ਹੈ ਤੇ ਸੰਤ ਜਨਾਂ ਦੀ ਓਟ ਹੈ॥੭॥

ਦਾਸ ਨਾਨਕ ਬੇਨਤੀ ਕਰਦਾ ਹੈ ਕਿ, ਹੇ ਮੇਰੇ ਮਾਲਕ! ਮੈਂ ਤੇਰਾ ਸੇਵਕ ਤੇਰੇ ਦਰ ਤੇ ਆਇਆ ਹਾਂ॥੮॥

**ਅੰਗ 242**

ਗਉੜੀ ਮਹਲਾ ੫ ॥

ਰੰਗ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥੧॥ ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥ ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥੨॥ ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥੩॥ ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥੪॥ ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ ॥੫॥ ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥ ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥ ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥੮॥੩॥੧੫॥੪੪॥ ਜੁਮਲਾ {ਪੰਨਾ 242}

ਭਾਵ ਅਰਥ:-

ਹੇ ਮੂਰਖ ਮਨੁੱਖ ! ਆਪਣੇ ਜੀਵਨ ਵਿੱਚ ਰੰਗ ਤਮਾਸ਼ੇ ਆਨੰਦ ਭੋਗਦਿਆਂ ਅੰਨਾ ਹੋਇਆ ਪਿਆ ਹੈਂ। ਤੈਨੂੰ ਪਤਾ ਹੀ ਨਹੀਂ ਕਿ ਇਹ ਇਕ ਜਹਿਰ ਹੈ॥੧॥

ਸਾਰੀ ਉਮਰ ਤੂੰ ਇਹੋ ਪੁੰਨ ਹੀ ਕਮਾਉਂਦਾ ਤੇ ਜੋੜਦਾ ਰਿਹਾ ਹੈਂ ॥੧॥ ਰਹਾਉ॥

ਆਪਣੇ ਆਪ ਨੂੰ ਸਭ ਤੋਂ ਜਿਆਦਾ ਜੋਰਦਾਰ ਸੂਰਮਾ ਸਮਝਦਾ ਰਿਹਾਂ ਤੇ ਕਿਸੇ ਹੋਰ ਨੂੰ ਆਪਣੇ ਵਰਗਾ ਸਮਝਿਆ ਹੀ ਨਹੀਂ॥੨॥

ਤੇਰੇ ਹਿਰਦੇ ਅੰਦਰ ਇੰਨਾ ਹੰਕਾਰ ਸੀ ਕਿ ਤੂੰ ਆਪਣੀ ਜਵਾਨੀ ਅਤੇ ਵਿਹਾਰ ਨੂੰ ਬਹੁਤ ਉੱਚੇ ਕੁਲ ਦਾ ਮਾਲਕ ਸਮਝਦਾ ਸੀ॥੩॥

ਮਰਦੇ ਦਮ ਤੱਕ ਵੀ ਤੇਰੀ ਮਰੀ ਹੋਈ ਬੁੱਧੀ ਇਸੇ ਤਰ੍ਹਾਂ ਹੀ ਨਾਲ ਜਾਵੇਗਾ॥੪॥

ਜੋ ਕੁਝ ਜੋੜਿਆ ਹੈ,ਉਹ ਸਾਰਾ ਕੁਝ ਮਰਨ ਤੋਂ ਪਹਿਲਾਂ ਆਪਣੇ ਸਾਕ ਸਬੰਧੀਆਂ ਨੂੰ ਦੇ ਕੇ ਜਾਵੇਂਗਾ॥੫॥

ਜਿੰਨੀਆਂ ਵੀ ਤ੍ਰਿਸ਼ਨਾਵਾਂ ਤੇਰੇ ਜੀਵਨ ਵਿੱਚ ਭਰੀਆਂ ਪਈਆਂ ਸਨ ਉਹਨਾਂ ਸਾਰੀਆਂ ਦਾ ਤੈਨੂੰ ਅੰਤ ਵਿੱਚ ਪਤਾ ਲੱਗਿਆ॥੬॥

ਹੇ ਭਾਈ! ਹੰਕਾਰ ਨੂੰ ਤਿਆਗ ਕੇ ਚੰਗੇ ਕਰਮ ਕਰ ਤਾਂ ਇਹਨਾਂ ਬੰਧਨਾਂ ਤੋਂ ਛੁਟਕਾਰਾ ਮਿਲ ਜਾਏਗਾ॥੭॥

ਦਾਸ ਨਾਨਕ !ਕਿਰਪਾ ਨਿਧਾਨ ਪ੍ਰਭੂ ਅੱਗੇ ਅਰਦਾਸ ਕਰਦਾ ਹੈ, ਮੈਨੂੰ ਦਾਸਾਂ ਦਾ ਵੀ ਦਾਸ ਬਣਾ ਦੇ॥੮॥

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥੧॥ {ਪੰਨਾ 242}

ਭਾਵ ਅਰਥ:-

ਪਤੀ ਦੇ ਵਿਛੋੜੇ ਵਿੱਚ ਭਰ ਜਵਾਨ ਮੁਟਿਆਰ ਨੂੰ ਰਾਤ ਭਰ ਹਉਕਿਆਂ ਵਿੱਚ ਜਾਗ ਕੇ ਲੰਘਾਉਣੀ ਪੈਂਦੀ ਹੈ।ਇਸ ਤਰਾਂ ਉਹ ਪਤੀ ਵਿਛੋਹ ਵਿੱਚ ਕਮਜ਼ੋਰ ਹੋ ਜਾਂਦੀ ਹੈ।ਪਤੀ ਦੀ ਗੈਰਮੌਜੂਦਗੀ ਵਿੱਚ ਸਾਰੇ ਸ਼ਰੀਰਕ ਸ਼ਿੰਗਾਰ,ਮਿੱਠੇ ਤੇ ਸਵਾਦਿਸ਼ਟ ਪਕਵਾਨ ਵੀ ਨੀਰਸ ਲੱਗਦੇ ਹਨ।

ਜਿਸ ਇਸਤਰੀ ਨੂੰ ਆਪਣੇ ਜੋਬਨ ਦਾ ਮਾਣ ਹੋਵੇ, ਉਸ ਨੂੰ ਪਤੀ ਦਾ ਸਾਥ ਨਹੀਂ ਮਿਲਦਾ ਤੇ ਉਹ ਸੁਹਾਗਣ ਵਾਲੀ ਅਵਸਥਾ ਤੋਂ ਵਾਂਝੀ ਰਹਿ ਜਾਂਦੀ ਹੈ।

ਹੇ ਨਾਨਕ !ਇਹੀ ਹਾਲ ਉਸ ਜੀਵ ਇਸਤਰੀ ਦਾ ਹੁੰਦਾ ਹੈ,ਜੋ ਦੁਨਿਆਵੀ ਕੂੜ ਵਿੱਚ ਫਸੀ ਰਹਿੰਦੀ ਹੈ।ਸਾਰੀ ਜ਼ਿੰਦਗੀ ਮਾਨਸਿਕ ਸ਼ਾਂਤੀ ਤੋਂ ਸੱਖਣੀ ਰਹਿੰਦੀ ਹੈ।ਉਹ ਤਦ ਹੀ ਪ੍ਰੀਤਮ ਪ੍ਰਭੂ ਨੂੰ ਮਿਲ ਸਕਦੀ ਹੈ, ਜੇ ਗੁਰੂ ਵਿਚੋਲਾ ਬਣਕੇ ਦੋਨਾਂ ਦਾ ਮਿਲਾਪ ਕਰਵਾ ਦੇਵੇ।

ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥ ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥ ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥ ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥ {ਪੰਨਾ 242}

ਭਾਵ ਅਰਥ:-

ਜਵਾਨੀ ਦੇ ਨਸ਼ੇ ਵਿੱਚ ਝੂਮ ਰਹੀ ਔਰਤ ਨੂੰ ਅਗਰ ਉਸ ਦਾ ਪਤੀ ਪਰਮੇਸ਼ਵਰ ਆਪਣੇ ਸੀਨੇ ਨਾਲ ਨਾ ਲਾਵੇ ਤਾਂ ਉਸਨੂੰ ਉਸ ਦੀ ਜਵਾਨੀ ਦਾ ਮਤਲਬ ਹੀ ਨਹੀਂ ਮਿਲਦਾ ,ਮਕਸਦ ਹੀ ਨਹੀਂ ਮਿਲਦਾ। ਉਹ ਢਹਿੰਦੀ ਕਲਾ ਵਿੱਚ ਹੀ ਰਹਿੰਦੀ ਹੈ। ਸਖੀਆਂ ਸਹੇਲੀਆਂ ਨੂੰ ਪੁੱਛ ਕੇ ਵੇਖ ਲਓ ਪਤੀ ਪਰਮੇਸ਼ਵਰ ਦੇ ਘਰ ਤੋਂ ਬਗੈਰ ਉਸ ਹਰ ਘਰ ਸੁੰਨਾਪਨ ਲੱਗਦਾ ਹੈ॥ ਚਾਹੇ ਸਾਧ ਸੰਗਤ ਵਿੱਚ ਰਲ ਕੇ ਬਹਿ ਜਾਈਏ ਪਰ ਜਦੋਂ ਤੱਕ ਉਸ ਪਤੀ ਪਰਮੇਸ਼ਵਰ ਦਾ ਨਾਮ ਬਾਣੀ ਦਾ ਜਾਪ ਨਾ ਕਰੀਏ, ਉਸ ਨੂੰ ਆਪਣੇ ਵਿੱਚ ਮਹਿਸੂਸ ਨਾ ਕਰੀਏ ਤਾਂ ਮਨ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ॥ ਹੇ ਨਾਨਕ! ਉਸ ਅਕਾਲ ਪੁਰਖ ਦੇ ਨਾਮ ਨਾਲੋਂ ਆਪਣੇ ਆਪ ਨੂੰ ਤੋੜੋ ਨਾ ਉਹ ਨਾਮ ਧਨ ਹਿਰਦੇ ਅੰਦਰ ਸਹਜ ਅਡੋਲਤਾ ਆਪਣੇ ਆਪ ਬਣਾ ਦਿੰਦਾ ਹੈ ॥੨॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥ ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ ॥ ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥੩॥ {ਪੰਨਾ 242}

ਭਾਵ ਅਰਥ:-

ਹੇ ਸਾਥੀ ਸੰਗੀਓ, ! ਮੇਰੇ ਸਾਧ ਸੰਗਤ ਵੀਰੋ ਆਓ ਇਕੱਠੇ ਬੈਠ ਕੇ ਆਪਣੇ ਪ੍ਰੀਤਮ ਪਿਆਰੇ ਪ੍ਰਭੂ ਨੂੰ ਮਨਾਈਏ। ਸੱਚੇ ਗੁਰੂ ਦੀ ਆਗਿਆ ਲੈ ਕੇ ਆਪਾਂ ਉਹ ਸ਼ਬਦ ਦਾ ਜਾਪ ਕਰੀਏ ਜਿਹਦੇ ਨਾਲ ਪ੍ਰਭੂ ਪਰਮਾਤਮਾ ਨੂੰ ਸਾਡੇ ਉਪਰ ਪਿਆਰ ਆਵੇ॥ ਸੱਚੇ ਗੁਰੂ ਨੇ ਗੁਰਬਾਣੀ ਸ਼ਬਦ ਦਾ ਗਿਆਨ ਕਰਾਇਆ ਪਰ ਮਨ ਦੇ ਮਗਰ ਲੱਗਣ ਵਾਲੇ ਪਛਤਾਉਂਦੇ ਰਹਿ ਗਏ॥ ਜਿਸ ਨੇ ਪ੍ਰਭੂ ਪਰਮਾਤਮਾ ਦਾ ਨਾਮ ਪਛਾਣ ਲਿਆ ਉਸ ਕੋਲੋਂ ਉਹ ਨਾਮ ਗਵਾਚ ਜਾਣ ਦਾ ਡਰ ਖਤਮ ਹੋ ਗਿਆ॥ ਉਸ ਸਦਾ ਥਿਰ ਪ੍ਰਭੂ ਅਤੇ ਗੁਰੂ ਦੀ ਸਿੱਖਿਆ ਹਮੇਸ਼ਾ ਹੀ ਨਵੇਂ ਤਰੀਕੇ ਨਾਲ ਮਿਲਦੀ ਹੈ ਨਾਨਕ ਦਾਸ ਫਰਮਾਉਂਦੇ ਹਨ! ਹੇ ਮੇਰੇ ਸੱਜਣ ਪਿਆਰਿਓ ! ਸਾਧ ਸੰਗਤੋ !ਜਦੋਂ ਉਸ ਦਾਤੇ ਦੀ ਨਦਰੇ ਇਨਾਇਤ ਹੁੰਦੀ ਹੈ ਤਾਂ ਹੀ ਉਹ ਸਾਡੇ ਅੰਦਰ ਸਹਿਣਸ਼ੀਲਤਾ ਤੇ ਟਿਕਾਅ ਆ ਜਾਂਦਾ ਹੈ ,ਜਿਸ ਨਾਲ ਬੰਦਗੀ ਉਪਜਦੀ ਹੈ॥੩॥

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥ ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥ {ਪੰਨਾ 242}ਹੇ ਭਾਈ ! (ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ) ਕਿਉਂਕਿ ਅੱਜ ਮੇਰੇ ਘਰ ਪ੍ਰਭ ਪਰਮਾਤਮਾ ਦਾ ਆਗਮਨ ਹੋਇਆ ਹੈ। ਮੇਰਾ ਜੀਵ ਇਸਤਰੀ ਦਾ ਮੇਰੇ ਪ੍ਰੀਤਮ ਪ੍ਰਭੂ ਪਰਮਾਤਮਾ ਪਰਮੇਸ਼ਵਰ ਪਤੀ ਨਾਲ ਮਿਲਾਪ ਹੋਇਆ ਹੈ। ਮੈਂ ਤਾਂ ਖੁਸ਼ੀ ਨਾਲ ਪ੍ਰੇਮ ਦੇ ਨਸ਼ੇ ਵਿੱਚ ਝੂਮ ਰਹੀ ਹਾਂ ਅਤੇ ਤਰਾਂ ਤਰਾਂ ਦੇ ਆਨੰਦ ਭਰਪੂਰ ਗੀਤ ਉਮੜ ਰਹੇ ਹਨ। ਜਦੋਂ ਉਸ ਸੱਚੇ ਪ੍ਰਭੂ ਪਰਮਾਤਮਾ ਹਰੀ ਦਾ ਸੱਚੇ ਮਨੋ ਜਾਪ ਕਰਨ ਲੱਗੀ ਹਾਂ ਤਾਂ ਉਹ ਮੇਰਾ ਪ੍ਰੀਤਮ ਪਿਆਰਾ ਮੇਰੇ ਹਿਰਦੇ ਅੰਦਰ ਵੱਸ ਗਿਆ ਹੈ ਤੇ ਹਰ ਤਰ੍ਹਾਂ ਦੀਆਂ ਦੁਸ਼ਟ ਭਾਵਨਾਵਾਂ ਨਿਕਲ ਕੇ ਚਲੇ ਗਈਆਂ ਹਨ॥ ਮੈਂ ਜੀਵ ਇਸਤਰੀ ਦੋ ਜਿਹੜੀ ਕਰਦੀ ਹਾਂ ਕਿ ਹੇ ਮੇਰੇ ਦਾਤਾ ਤੂੰ ਦਿਨ ਰਾਤ ਮੇਰੇ ਕਰੀਬ ਰਹਿ ਤਾਂ ਕਿ ਤੇਰੇ ਨਾਮ ਵਿੱਚ ਮੇਰਾ ਹਿਰਦਾ ਭਿਜਿਆ ਰਵੇ। ਦਾਸ ਨਾਨਕ ਫਰਮਾਉਂਦੇ ਹਨ ! ਜੀਵ ਇਸਤਰੀ ਆਪਣੇ ਪਤੀ ਪਰਮੇਸ਼ਵਰ ਪ੍ਰਭੂ ਨੂੰ ਮਿਲ ਕੇ ਰੰਗ ਰਲੀਆਂ ਭਾਵ ਉਹਦੇ ਨਾਮ ਵਿੱਚ ਜਿਹੜਾ ਰਸ ਭਿੰਨਾ ਅਨੰਦ ਮਿਲਦਾ ਹੈ ਉਸ ਨੂੰ ਮਾਣਦੀ ਹੈ॥੪॥



ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ

## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਪੜ੍ਹਾਈ ਵਿੱਚ ਇਕਾਗਰਤਾ ਹੈ ਸਫ਼ਲਤਾ ਦੀ ਪਹਿਲੀ ਪੌੜੀ

ਅੱਜ ਦਾ ਯੁੱਗ ਜਾਣਕਾਰੀ ਅਤੇ ਟੈਕਨਾਲੋਜੀ ਦਾ ਯੁੱਗ ਹੈ। ਮਨੁੱਖੀ ਜੀਵਨ ਵਿੱਚ ਜਿੱਥੇ ਵਿਗਿਆਨ ਅਤੇ ਟੈਕਨਾਲੋਜੀ ਨੇ ਬੇਹਿਸਾਬ ਸਹੂਲਤਾਂ ਪੈਦਾ ਕੀਤੀਆਂ ਹਨ, ਉੱਥੇ ਹੀ ਇਨ੍ਹਾਂ ਨੇ ਵਿਦਿਆਰਥੀਆਂ ਦੇ ਜੀਵਨ ਵਿੱਚ ਕਈ ਨਵੀਆਂ ਚੁਣੌਤੀਆਂ ਵੀ ਖੜ੍ਹੀਆਂ ਕੀਤੀਆਂ ਹਨ। ਮੋਬਾਈਲ ਫੋਨ, ਸੋਸ਼ਲ ਮੀਡੀਆ, ਔਨਲਾਈਨ ਖੇਡਾਂ ਅਤੇ ਮਨੋਰੰਜਨ ਦੇ ਅਨੇਕਾਂ ਸਾਧਨਾਂ ਨੇ ਵਿਦਿਆਰਥੀਆਂ ਦਾ ਧਿਆਨ ਪੜ੍ਹਾਈ ਤੋਂ ਭਟਕਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਕਾਰਨ ਅੱਜ ਬਹੁਤ ਸਾਰੇ ਵਿਦਿਆਰਥੀ ਪੜ੍ਹਾਈ ਦੌਰਾਨ ਇਕਾਗਰਤਾ ਦੀ ਕਮੀ ਮਹਿਸੂਸ ਕਰਦੇ ਹਨ, ਜਿਸ ਦਾ ਸਿੱਧਾ ਪ੍ਰਭਾਵ ਉਨ੍ਹਾਂ ਦੀ ਪੜ੍ਹਾਈ ਅਤੇ ਪ੍ਰੀਖਿਆ ਦੇ ਨਤੀਜਿਆਂ 'ਤੇ ਪੈਂਦਾ ਹੈ।

ਇਕਾਗਰਤਾ ਕਿਸੇ ਵੀ ਵਿਦਿਆਰਥੀ ਦੀ ਸਫ਼ਲਤਾ ਦੀ ਬੁਨਿਆਦ ਹੁੰਦੀ ਹੈ। ਜੇਕਰ ਵਿਦਿਆਰਥੀ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ, ਤਾਂ ਉਹ ਲੰਬੇ ਸਮੇਂ ਤੱਕ ਮਿਹਨਤ ਕਰਨ ਦੇ ਬਾਵਜੂਦ ਵੀ ਉਮੀਦ ਅਨੁਸਾਰ ਨਤੀਜੇ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਵਿਦਿਆਰਥੀਆਂ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਕਾਗਰਤਾ ਕੋਈ ਜਨਮਜਾਤ ਗੁਣ ਨਹੀਂ, ਸਗੋਂ ਇਹ ਇੱਕ ਅਜਿਹੀ ਆਦਤ ਹੈ ਜਿਸ ਨੂੰ ਨਿਯਮਿਤ ਅਭਿਆਸ ਅਤੇ ਸਹੀ ਜੀਵਨ ਸ਼ੈਲੀ ਰਾਹੀਂ ਵਿਕਸਤ ਕੀਤਾ ਜਾ ਸਕਦਾ ਹੈ।

ਸਮੇਂ ਦੀ ਸਹੀ ਯੋਜਨਾਬੰਦੀ:

ਪੜ੍ਹਾਈ ਵਿੱਚ ਇਕਾਗਰਤਾ ਵਧਾਉਣ ਲਈ ਸਭ ਤੋਂ ਪਹਿਲਾਂ ਸਮੇਂ ਦੀ ਸਹੀ ਯੋਜਨਾਬੰਦੀ ਕਰਨੀ ਚਾਹੀਦੀ ਹੈ। ਹਰ ਵਿਦਿਆਰਥੀ ਨੂੰ ਆਪਣੀ ਇੱਕ ਨਿਸ਼ਚਿਤ ਸਮਾਂ-ਸਾਰਣੀ ਤਿਆਰ ਕਰਨੀ ਚਾਹੀਦੀ ਹੈ ਅਤੇ ਉਸ ਦਾ ਪਾਲਣ ਕਰਨਾ ਚਾਹੀਦਾ ਹੈ। ਜਦੋਂ ਅਸੀਂ ਨਿਯਮਿਤ ਸਮੇਂ 'ਤੇ ਪੜ੍ਹਾਈ ਕਰਦੇ ਹਾਂ, ਤਾਂ ਸਾਡਾ ਮਨ ਆਪਣੇ ਆਪ ਉਸ ਕਾਰਜ ਲਈ ਤਿਆਰ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਪੜ੍ਹਾਈ ਲਈ ਸ਼ਾਂਤ ਅਤੇ ਸੁਖਾਵਾਂ ਮਾਹੌਲ ਵੀ ਬਹੁਤ ਜ਼ਰੂਰੀ ਹੈ। ਸ਼ੋਰ-ਸ਼ਰਾਬੇ ਵਾਲੇ ਸਥਾਨਾਂ ਦੀ ਬਜਾਏ ਸ਼ਾਂਤ ਕਮਰੇ ਵਿੱਚ ਬੈਠ ਕੇ ਪੜ੍ਹਾਈ ਕਰਨ ਨਾਲ ਧਿਆਨ ਵੱਧ ਕੇਂਦਰਿਤ ਰਹਿੰਦਾ ਹੈ।

ਟੈਕਨਾਲੋਜੀ ਦੀ ਸੁਚੱਜੀ ਵਰਤੋਂ:

ਅੱਜ ਦੇ ਸਮੇਂ ਵਿੱਚ ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਇਕਾਗਰਤਾ ਦੇ ਸਭ ਤੋਂ ਵੱਡੇ ਵੈਰੀ ਬਣ ਚੁੱਕੇ ਹਨ। ਪੜ੍ਹਾਈ ਦੌਰਾਨ ਮੋਬਾਈਲ ਫੋਨ ਨੂੰ ਆਪਣੇ ਤੋਂ ਦੂਰ ਰੱਖਣਾ ਚਾਹੀਦਾ ਹੈ ਜਾਂ ਉਸ ਨੂੰ ਸਾਈਲੈਂਟ ਮੋਡ ਵਿੱਚ ਕਰ ਦੇਣਾ ਚਾਹੀਦਾ ਹੈ। ਹਰ ਕੁਝ ਮਿੰਟਾਂ ਬਾਅਦ ਮੋਬਾਈਲ ਦੇਖਣ ਦੀ ਆਦਤ ਨਾ ਸਿਰਫ਼ ਸਮਾਂ ਬਰਬਾਦ ਕਰਦੀ ਹੈ, ਸਗੋਂ ਦਿਮਾਗ ਦੀ ਇਕਾਗਰਤਾ ਨੂੰ ਵੀ ਕਮਜ਼ੋਰ ਕਰਦੀ ਹੈ।

ਸਿਹਤ ਅਤੇ ਇਕਾਗਰਤਾ ਦਾ ਸੁਮੇਲ:

ਇਕਾਗਰਤਾ ਬਣਾਈ ਰੱਖਣ ਲਈ ਸਰੀਰਕ ਅਤੇ ਮਾਨਸਿਕ ਸਿਹਤ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਪੂਰੀ ਨੀਂਦ, ਸੰਤੁਲਿਤ ਭੋਜਨ ਅਤੇ ਨਿਯਮਿਤ ਕਸਰਤ ਮਨੁੱਖੀ ਦਿਮਾਗ ਨੂੰ ਤੰਦਰੁਸਤ ਰੱਖਦੇ ਹਨ।

ਵਿਗਿਆਨਕ ਖੋਜਾਂ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਰੋਜ਼ਾਨਾ ਕੁਝ ਸਮਾਂ ਯੋਗਾ, ਧਿਆਨ ਅਤੇ ਪ੍ਰਾਣਾਯਾਮ ਕਰਨ ਨਾਲ ਇਕਾਗਰਤਾ ਵਿੱਚ ਮਹੱਤਵਪੂਰਨ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ, ਪੜ੍ਹਾਈ ਦੌਰਾਨ ਇਕਾਗਰਤਾ ਨੂੰ ਬਰਕਰਾਰ ਰੱਖਣ ਲਈ 'ਪੋਮੋਡੋਰੋ ਤਕਨੀਕ' ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਅਨੁਸਾਰ ਹਰ 40 ਤੋਂ 50 ਮਿੰਟ ਦੀ ਲਗਾਤਾਰ ਪੜ੍ਹਾਈ ਤੋਂ ਬਾਅਦ 5-10 ਮਿੰਟ ਦਾ ਵਿਸ਼ਰਾਮ ਲੈਣਾ ਦਿਮਾਗ ਨੂੰ ਤਰੋ-ਤਾਜ਼ਾ ਕਰਦਾ ਹੈ।

ਮਾਪਿਆਂ ਅਤੇ ਅਧਿਆਪਕਾਂ ਦੀ ਭੂਮਿਕਾ:

ਮਾਪਿਆਂ ਅਤੇ ਅਧਿਆਪਕਾਂ ਦੀ ਭੂਮਿਕਾ ਵੀ ਵਿਦਿਆਰਥੀਆਂ ਦੀ ਇਕਾਗਰਤਾ ਵਧਾਉਣ ਵਿੱਚ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੂੰ ਵਿਦਿਆਰਥੀਆਂ 'ਤੇ ਬੇਲੋੜਾ ਦਬਾਅ ਪਾਉਣ ਦੀ ਬਜਾਏ ਉਨ੍ਹਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਇੱਕ ਸਕਾਰਾਤਮਕ ਅਤੇ ਉਤਸ਼ਾਹਜਨਕ ਮਾਹੌਲ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਉਹ ਆਪਣੀ ਪੜ੍ਹਾਈ ਵੱਲ ਵਧੇਰੇ ਧਿਆਨ ਦੇ ਸਕਦੇ ਹਨ। ਸਾਡੇ ਮਹਾਨ ਵਿਦਵਾਨਾਂ ਨੇ ਵੀ ਇਕਾਗਰਤਾ ਨੂੰ ਸਫ਼ਲਤਾ ਦਾ ਮੁੱਖ ਮੰਤਰ ਦੱਸਿਆ ਹੈ। ਸਵਾਮੀ ਵਿਵੇਕਾਨੰਦ ਜੀ ਨੇ ਕਿਹਾ ਸੀ ਕਿ, "ਇਕਾਗਰ ਮਨ ਹੀ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਹੈ।" ਇਹ ਕਥਨ ਅੱਜ ਦੇ ਵਿਦਿਆਰਥੀਆਂ ਲਈ ਵੀ ਉਤਨਾ ਹੀ ਮਹੱਤਵਪੂਰਨ ਹੈ ਜਿੰਨਾ ਪਹਿਲਾਂ ਸੀ।

ਸਾਰੰਸ਼ : ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੜ੍ਹਾਈ ਵਿੱਚ ਇਕਾਗਰਤਾ ਕਿਸੇ ਵੀ ਵਿਦਿਆਰਥੀ ਦੀ ਸਫ਼ਲਤਾ ਦੀ ਕੁੰਜੀ ਹੈ। ਜੇਕਰ ਵਿਦਿਆਰਥੀ ਸਮੇਂ ਦੀ ਕਦਰ ਕਰਨ, ਟੈਕਨਾਲੋਜੀ ਦਾ ਸਹੀ ਉਪਯੋਗ ਕਰਨ, ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਅਤੇ ਆਪਣੇ ਟੀਚੇ ਪ੍ਰਤੀ ਸਮਰਪਿਤ ਰਹਿਣ, ਤਾਂ ਉਹ ਨਾ ਸਿਰਫ਼ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰ ਸਕਦੇ ਹਨ, ਸਗੋਂ ਜੀਵਨ ਦੇ ਹਰ ਖੇਤਰ ਵਿੱਚ ਸਫ਼ਲਤਾ ਹਾਸਲ ਕਰ ਸਕਦੇ ਹਨ। ਅੱਜ ਦੀ ਲੋੜ ਇਹ ਹੈ ਕਿ ਅਸੀਂ ਆਪਣੇ ਮਨ ਨੂੰ ਭਟਕਣ ਤੋਂ ਬਚਾਈਏ ਅਤੇ ਇਕਾਗਰਤਾ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾਈਏ।

SANJHI SOCH
ਕਰਮਨਪ੍ਰੀਤ ਕੌਰ ਦੰਦੀਵਾਲ
ਜਮਾਤ: ਗਿਆਰਵੀਂ
ਸਰਕਾਰੀ ਸੈਕੰਡਰੀ ਸਕੂਲ
ਝੰਡੂਕੇ (ਜ਼ਿਲ੍ਹਾ ਮਾਨਸਾ)



Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਮੈਨੀਫੈਸਟੋ ਵਿੱਚ ਮੁਫ਼ਤਖੋਰੀ ਸਕੀਮਾਂ ਦੀ ਨਹੀਂ, ਵਿਕਾਸ ਦੀ ਗੱਲ ਹੋਵੇ



ਬਰਜਿੰਦਰ ਕੌਰ ਬਿਸਰਾਓ
99889-01324

ਲੋਕਤੰਤਰ ਵਿੱਚ ਚੋਣ ਮੈਨੀਫੈਸਟੋ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਉਹ ਦਸਤਾਵੇਜ਼ ਹੁੰਦਾ ਹੈ ਜਿਸ ਰਾਹੀਂ ਉਹ ਲੋਕਾਂ ਨਾਲ ਆਪਣੇ ਵਾਅਦੇ ਅਤੇ ਭਵਿੱਖ ਦੀਆਂ ਯੋਜਨਾਵਾਂ ਸਾਂਝੀਆਂ ਕਰਦੀ ਹੈ। ਇਹ ਇੱਕ ਚੋਣ ਮਨੋਰਥ ਪੱਤਰ ਹੁੰਦਾ ਹੈ ਜੋ ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਲੋਕਾਂ ਸਾਹਮਣੇ ਇੱਕ ਇਕਰਾਰਨਾਮੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨੂੰ ਵੋਟਾਂ ਤੋਂ ਪਹਿਲਾਂ ਜਨਤਕ ਕਰਕੇ ਦੱਸਿਆ ਜਾਂਦਾ ਹੈ ਕਿ ਕਿਹੜੀ ਸਿਆਸੀ ਪਾਰਟੀ ਵੱਲੋਂ ਉਨ੍ਹਾਂ ਨਾਲ ਕੀ ਵਾਅਦੇ ਕੀਤੇ ਜਾ ਰਹੇ ਹਨ। ਇਹ ਸਿਰਫ਼ ਚੋਣ ਜਿੱਤਣ ਦਾ ਸਾਧਨ ਨਹੀਂ, ਸਗੋਂ ਦੇਸ਼ ਅਤੇ ਸਮਾਜ ਦੀ ਤਰੱਕੀ ਦਾ ਰੋਡਮੈਪ ਵੀ ਹੋਣਾ ਚਾਹੀਦਾ ਹੈ। ਪਰ ਬਦਕਿਸਮਤੀ ਨਾਲ ਸਾਡੇ ਦੇਸ਼ ਦੀਆਂ ਰਾਜਸੀ ਪਾਰਟੀਆਂ ਸਿਰਫ਼ ਇਸ ਨੂੰ ਚੋਣ ਜਿੱਤਣ ਦਾ ਇੱਕ ਜ਼ਰੀਆ ਮੰਨ ਕੇ ਹੀ ਚੱਲਦੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਇਹ ਰੁਝਾਨ ਵੱਧਦਾ ਜਾ ਰਿਹਾ ਹੈ ਕਿ ਮੈਨੀਫੈਸਟੋ ਵਿੱਚ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਨਕਦ ਰਕਮ ਜਾਂ ਹੋਰ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਇਸ ਕਾਰਨ ਵਿਕਾਸ ਦੇ ਅਸਲ ਮੁੱਦੇ ਪਿੱਛੇ ਰਹਿ ਜਾਂਦੇ ਹਨ। ਕਿਸੇ ਵੀ ਦੇਸ਼ ਜਾਂ ਰਾਜ ਦੀ ਤਰੱਕੀ ਮੁਫ਼ਤਖੋਰੀ ਨਾਲ ਨਹੀਂ, ਸਗੋਂ ਮਜ਼ਬੂਤ ਬੁਨਿਆਦੀ ਢਾਂਚੇ, ਉੱਚ ਪੱਧਰੀ ਸਿੱਖਿਆ, ਬਿਹਤਰ ਸਿਹਤ ਸੇਵਾਵਾਂ, ਰੁਜ਼ਗਾਰ ਦੇ ਮੌਕੇ, ਉਦਯੋਗਾਂ ਦੇ ਵਿਕਾਸ ਅਤੇ ਖੇਤੀਬਾੜੀ ਦੀ ਤਰੱਕੀ ਨਾਲ ਹੁੰਦੀ ਹੈ। ਜੇਕਰ ਸਰਕਾਰਾਂ ਲੋਕਾਂ ਨੂੰ ਸਵੈ-ਨਿਰਭਰ ਬਣਾਉਣ ਦੀ ਥਾਂ ਮੁਫ਼ਤ ਸਹੂਲਤਾਂ ਦੀ ਆਦਤ ਪਾ ਦੇਣ, ਤਾਂ ਇਹ ਲੰਬੇ ਸਮੇਂ ਲਈ ਨਾ ਆਰਥਿਕ ਤੌਰ 'ਤੇ ਠੀਕ ਹੈ ਅਤੇ ਨਾ ਹੀ ਸਮਾਜਿਕ ਤੌਰ 'ਤੇ।

ਚੋਣ ਮੈਨੀਫੈਸਟੋ ਵਿੱਚ ਅਜਿਹੀਆਂ ਯੋਜਨਾਵਾਂ ਨੂੰ ਪ੍ਰਮੁੱਖਤਾ ਮਿਲਣੀ ਚਾਹੀਦੀ ਹੈ ਜੋ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ, ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ, ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਸੰਤੁਲਿਤ ਵਿਕਾਸ ਨੂੰ ਯਕੀਨੀ ਬਣਾਉਣ। ਜਦੋਂ ਲੋਕਾਂ ਨੂੰ ਰੁਜ਼ਗਾਰ ਅਤੇ ਮੌਕੇ ਮਿਲਣਗੇ ਤਾਂ ਉਹ ਆਪਣੀਆਂ ਲੋੜਾਂ ਖ਼ੁਦ ਪੂਰੀਆਂ ਕਰਨ ਦੇ ਯੋਗ ਹੋ ਸਕਣਗੇ। ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਦੇ ਗਰੀਬ ਅਤੇ ਲੋੜਵੰਦ ਵਰਗ ਲਈ ਸਰਕਾਰੀ ਸਹਾਇਤਾ ਖ਼ਤਮ ਕਰ ਦਿੱਤੀ ਜਾਵੇ ਪਰ ਉਹ ਸੀਮਤ ਹੋਣੀ ਚਾਹੀਦੀ ਹੈ ਨਾ ਕਿ ਰਿਉੜੀਆਂ ਵੰਡਣ ਵਾਲੀ ਘਟੀਆ ਨੀਤੀ। ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਆਪਣੀ ਮਹੱਤਤਾ ਹੈ, ਪਰ ਉਹ ਅਸਲ ਲਾਭਪਾਤਰੀਆਂ ਤੱਕ ਸੀਮਿਤ ਅਤੇ ਪਾਰਦਰਸ਼ੀ ਢੰਗ ਨਾਲ ਪਹੁੰਚਣੀਆਂ ਚਾਹੀਦੀਆਂ ਹਨ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹਾਰਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਵੀ ਹੋਣਾ ਚਾਹੀਦਾ ਹੈ।

ਅੱਜ ਦੇ ਸਮੇਂ ਵਿੱਚ ਵੋਟਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋਣ, ਸਗੋਂ ਇਹ ਵੇਖਣ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ। ਚੋਣ ਮੈਨੀਫੈਸਟੋ ਦਾ ਕੇਂਦਰ ਮੁਫ਼ਤਖੋਰੀ ਨਹੀਂ, ਸਗੋਂ ਵਿਕਾਸ, ਸਵੈ-ਨਿਰਭਰਤਾ ਅਤੇ ਸੁਸ਼ਾਸਨ ਹੋਣਾ ਚਾਹੀਦਾ ਹੈ। ਜਿਹੜੀਆਂ ਨੀਤੀਆਂ ਲੋਕਾਂ ਨੂੰ ਸਮਰੱਥ ਬਣਾਉਂਦੀਆਂ ਹਨ, ਉਹੀ ਦੇਸ਼ ਨੂੰ ਅੱਗੇ ਲੈ ਕੇ ਜਾਂਦੀਆਂ ਹਨ। ਚੋਣੀ ਵਾਅਦੇ ਅਜਿਹੇ ਹੋਣ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ, ਖੁਸ਼ਹਾਲ ਅਤੇ ਵਿਕਸਤ ਸਮਾਜ ਦੀ ਨੀਂਹ ਰੱਖ ਸਕਣ।

ਦੂਜੀ ਗੱਲ ਧਿਆਨ ਦੇਣ ਯੋਗ ਇਹ ਹੈ ਕਿ ਚੋਣ ਮੈਨੀਫੈਸਟੋ ਨੂੰ ਇੱਕ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਗੱਲ ਕਈ ਵਾਰ ਕੀਤੀ ਜਾ ਚੁੱਕੀ ਹੈ ਪਰ ਕਾਮਯਾਬੀ ਕਦੇ ਹਾਸਿਲ ਨਹੀਂ ਹੋਈ ਹੈ। ਮੈਨੀਫੈਸਟੋ ਬਾਰੇ ਸੁਪਰੀਮ ਕੋਰਟ ਤੱਕ ਮਾਮਲੇ ਜਾ ਚੁੱਕੇ ਹਨ। ਪਰ ਕੋਰਟ ਵੱਲੋਂ ਇਸ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਤੋਂ ਸਾਫ਼ ਇਨਕਾਰ ਕੀਤਾ ਗਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਮੈਨੀਫੈਸਟੋ ਲਈ ਕੋਈ ਕਾਨੂੰਨ ਨਹੀਂ ਹੈ, ਇਸ ਲਈ ਇਸ ਦੀਆਂ ਗੱਲਾਂ ਨੂੰ ਕੋਰਟ ਲਾਗੂ ਨਹੀਂ ਕਰਵਾ ਸਕਦਾ ਹੈ। ਇਸ ਦੇ ਨਾਲ ਹੀ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਪੂਰੇ ਕਰਨ ਲਈ ਪੰਜ ਸਾਲ ਦਾ ਵਕਤ ਹੁੰਦਾ ਹੈ। ਅਦਾਲਤ ਲਈ ਇਹ ਮੁਮਕਿਨ ਨਹੀਂ ਹੈ ਕਿ ਉਹ ਇਹ ਤੈਅ ਕਰ ਸਕੇ ਕਿ ਪੰਜ ਸਾਲਾਂ ਵਿੱਚ ਕਿਸ ਕੰਮ ਲਈ ਕਿੰਨਾ ਵਕਤ ਚਾਹੀਦਾ ਹੈ।

ਮੈਨੀਫੈਸਟੋ ਸਬੰਧੀ ਕਾਨੂੰਨ ਨਾ ਹੋਣ ਕਰਕੇ ਹੀ ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨਾ਼ਲ ਮੁਕਾਬਲਾ ਚੱਲਦਾ ਰਹਿੰਦਾ ਹੈ ਕਿ ਕੌਣ ਕਿੰਨੇ ਵਾਅਦੇ ਕਰਦਾ ਹੈ ਅਤੇ ਹੋਰ ਪਾਰਟੀ ਉਸ ਤੋਂ ਵਧ ਕੇ ਵਾਅਦੇ ਕਰੇਗੀ। ਇਹ ਸਾਡੀ ਦੇਸ਼ ਦੀ ਰਾਜਨੀਤੀ ਦਾ ਇੱਕ ਬਹੁਤ ਹੀ ਕੋਝਾ ਮਜ਼ਾਕ ਹੈ ਕਿ ਲੀਡਰ ਇਹ ਦੱਸਣ ਦੀ ਬਜਾਏ ਕਿ ਆਮ ਲੋਕਾਂ ਦੀਆਂ ਮੁਸ਼ਕਲਾਂ ਕਿਵੇਂ ਦੂਰ ਕੀਤੀਆਂ ਜਾਣਗੀਆਂ, ਉਹ ਅਜਿਹੇ ਮਨੋਰਥ ਪੱਤਰਾਂ ਰਾਹੀਂ ਲੌਲੀਪਾਪ ਦਿਖਾ ਕੇ ਲਾਲਚ ਦਿੰਦੀਆਂ ਹਨ। ਕਦੇ ਇਹਨਾਂ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਕੋਲੋਂ ਨਹੀਂ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਸ ਖੇਤਰ ਵਿੱਚ ਸੁਧਾਰ ਲਿਆ ਕੇ ਉਨ੍ਹਾਂ ਦੀ ਸਰਬਪੱਖੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕੰਮ ਕੀਤੇ ਜਾਣੇ ਚਾਹੀਦੇ ਹਨ।

ਕਿਸੇ ਸਿਆਸੀ ਪਾਰਟੀ ਦੇ ਮੈਨੀਫੈਸਟੋ ਉੱਤੇ ਭਰੋਸਾ ਉਸਦੀ ਲਿਖਤੀ ਅਤੇ ਮਨ ਲੁਭਾਉਣੇ ਅਹਿਦਾਂ ਤੋਂ ਨਹੀਂ ਬਲਕਿ ਉਸ ਵਿੱਚ ਦਰਜ ਸਕੀਮਾਂ ਜਾਂ ਕੰਮਾਂ ਦੀ ਸੂਚੀ ਦੀ ਪੂਰਤੀ ਅਤੇ ਪੂਰਤੀ ਦੇ ਢੰਗ ਦੇ ਪੱਖੋਂ ਮੰਨਣਾ ਚਾਹੀਦਾ ਹੈ। ਜੇ ਸਰਕਾਰਾਂ ਨੇ ਮੈਨੀਫੈਸਟੋ ਵਿੱਚ ਦਿੱਤੇ ਭਰੋਸਿਆਂ ਨੂੰ ਲਾਗੂ ਨਹੀਂ ਕਰਨਾ ਹੁੰਦਾ ਤਾਂ ਉਸ ਦਾ ਫਾਇਦਾ ਕੀ ਹੈ। ਕੀ ਇਹ ਆਮ ਜਨਤਾ ਨੂੰ ਬੇਵਕੂਫ਼ ਬਣਾਉਣ ਦਾ ਇੱਕ ਜ਼ਰੀਆ ਹੀ ਮੰਨ ਲਿਆ ਜਾਵੇ ? ਸਾਡੇ ਦੇਸ਼ ਵਿੱਚ ਇਸ ਸਬੰਧੀ ਜ਼ਰੂਰੀ ਕੋਈ ਨਾ ਕੋਈ ਕਾਰਵਾਈ ਹੋਣੀ ਚਾਹੀਦੀ ਹੈ। ਹਰੇਕ ਵਾਅਦੇ ਦੇ ਨਾਲ ਉਸ ਦੀ ਸਮੇਂ ਸੀਮਾ ਵੀ ਨਿਸ਼ਚਿਤ ਕਰਵਾਉਣੀ ਚਾਹੀਦੀ ਹੈ ਕਿ ਕਿੰਨੀ ਦੇਰ ਦੇ ਅੰਦਰ ਇਹ ਵਾਅਦਾ ਪੂਰਾ ਹੋਵੇਗਾ। ਜੇ ਆਮ ਵਿਅਕਤੀ ਵੱਲੋਂ ਦੂਜੇ ਵਿਅਕਤੀ ਨੂੰ ਛੋਟੇ ਮੋਟੇ ਲੈਣ ਦੇਣ ਤੇ ਗਰੰਟੀ ਕਾਗਜ਼ ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ ਤਾਂ ਸਰਕਾਰ ਬਣਾਉਣ ਜਾ ਰਹੀ ਪਾਰਟੀ ਵੱਲੋਂ ਦਿੱਤੇ ਇਸ ਚੋਣ ਮਨੋਰਥ ਪੱਤਰ ਤੇ ਕਾਰਵਾਈ ਕਿਉਂ ਨਹੀਂ ਹੋ ਸਕਦੀ?

ਸੋ ਵੋਟਰੋ ਇਹ ਤੁਹਾਡੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋ ਕੇ ਇਸ ਗੱਲ ਵੱਲ ਧਿਆਨ ਦਿਓ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਵੋਟਰਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਕਿਉਂਕਿ ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# "ਰਿਸ਼ਤਿਆਂ ਤੋਂ ਦੂਰੀ ਜਾਂ ਸੋਚ ਵਿੱਚ ਬਦਲਾਅ?"

(ਹੁਣ ਨਵੀਂ ਪੀੜੀ ਰਿਸ਼ਤਿਆਂ ਦਾ ਮਹੱਤਵ ਨਹੀਂ ਸਮਝਦੀ)

ਅੱਜ ਦੇ ਆਧੁਨਿਕ ਯੁੱਗ ਵਿੱਚ ਤਕਨਾਲੋਜੀ, ਸੋਸ਼ਲ ਮੀਡੀਆ ਅਤੇ ਤੇਜ਼ ਰਫ਼ਤਾਰ ਜੀਵਨ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦਾ ਅਸਰ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਉੱਤੇ ਵੀ ਸਪੱਸ਼ਟ ਤੌਰ 'ਤੇ ਨਜ਼ਰ ਆਉਂਦਾ ਹੈ। ਅਕਸਰ ਬਜ਼ੁਰਗਾਂ ਵੱਲੋਂ ਇਹ ਗੱਲ ਕਹੀ ਜਾਂਦੀ ਹੈ ਕਿ ਹੁਣ ਨਵੀਂ ਪੀੜੀ ਰਿਸ਼ਤਿਆਂ ਦਾ ਮਹੱਤਵ ਨਹੀਂ ਸਮਝਦੀ। ਹਾਲਾਂਕਿ ਇਹ ਗੱਲ ਪੂਰੀ ਤਰ੍ਹਾਂ ਸਹੀ ਨਹੀਂ, ਪਰ ਇਸ ਵਿਚ ਕੁਝ ਹੱਦ ਤੱਕ ਸੱਚਾਈ ਜ਼ਰੂਰ ਮੌਜੂਦ ਹੈ।

ਪਹਿਲਾਂ ਦੇ ਸਮੇਂ ਵਿੱਚ ਸੰਯੁਕਤ ਪਰਿਵਾਰਾਂ ਦਾ ਰਿਵਾਜ ਸੀ। ਇੱਕ ਹੀ ਛੱਤ ਹੇਠ ਦਾਦਾ-ਦਾਦੀ, ਚਾਚੇ-ਤਾਏ ਅਤੇ ਹੋਰ ਰਿਸ਼ਤੇਦਾਰ ਇਕੱਠੇ ਰਹਿੰਦੇ ਸਨ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਰਿਸ਼ਤਿਆਂ ਦੀ ਮਹੱਤਤਾ, ਆਪਸੀ ਸਤਿਕਾਰ ਅਤੇ ਸਹਿਯੋਗ ਦੀ ਸਿੱਖਿਆ ਮਿਲਦੀ ਸੀ। ਪਰ ਅੱਜ ਇਕੱਲੇ ਪਰਿਵਾਰਾਂ ਦਾ ਰੁਝਾਨ ਵਧ ਗਿਆ ਹੈ, ਜਿਸ ਕਾਰਨ ਬੱਚਿਆਂ ਦਾ ਆਪਣੇ ਵੱਡੇ ਪਰਿਵਾਰ ਨਾਲ ਸੰਪਰਕ ਘੱਟ ਹੋ ਗਿਆ ਹੈ।

ਸੋਸ਼ਲ ਮੀਡੀਆ ਅਤੇ ਮੋਬਾਈਲ ਫ਼ੋਨਾਂ ਨੇ ਵੀ ਰਿਸ਼ਤਿਆਂ ਦੇ ਸਰੂਪ ਨੂੰ ਬਦਲ ਦਿੱਤਾ ਹੈ। ਅੱਜ ਲੋਕ ਆਨਲਾਈਨ ਦੋਸਤਾਂ ਨਾਲ ਘੰਟਿਆਂ ਗੱਲ ਕਰ ਲੈਂਦੇ ਹਨ, ਪਰ ਆਪਣੇ ਪਰਿਵਾਰਕ ਮੈਂਬਰਾਂ ਨਾਲ ਬੈਠ ਕੇ ਕੁਝ ਸਮਾਂ ਬਿਤਾਉਣ ਲਈ ਸਮਾਂ ਨਹੀਂ ਕੱਢਦੇ। ਡਿਜ਼ੀਟਲ ਦੁਨੀਆ ਨੇ ਸੰਚਾਰ ਨੂੰ ਆਸਾਨ ਤਾਂ ਬਣਾਇਆ ਹੈ, ਪਰ ਦਿਲਾਂ ਦੀ ਨੇੜਤਾ ਕਈ ਵਾਰ ਘੱਟ ਹੋ ਗਈ ਹੈ।

ਇਸ ਦੇ ਨਾਲ ਹੀ, ਨਵੀਂ ਪੀੜੀ ਆਪਣੇ ਕਰੀਅਰ, ਸਿੱਖਿਆ ਅਤੇ ਨਿੱਜੀ ਆਜ਼ਾਦੀ ਨੂੰ ਪਹਿਲ ਦੇ ਰਹੀ ਹੈ। ਇਹ ਇੱਕ ਸਕਾਰਾਤਮਕ ਗੱਲ ਹੈ, ਪਰ ਜੇਕਰ ਇਸ ਦੌੜ ਵਿੱਚ ਪਰਿਵਾਰ ਅਤੇ ਰਿਸ਼ਤਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ, ਤਾਂ ਸਮਾਜਿਕ ਸੰਤੁਲਨ ਪ੍ਰਭਾਵਿਤ ਹੋ ਸਕਦਾ ਹੈ। ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ, ਸਗੋਂ ਇਹ ਪਿਆਰ, ਵਿਸ਼ਵਾਸ, ਤਿਆਗ ਅਤੇ ਸਮਰਪਣ ਨਾਲ ਬਣਦੇ ਹਨ।

ਫਿਰ ਵੀ ਇਹ ਕਹਿਣਾ ਗਲਤ ਹੋਵੇਗਾ ਕਿ ਪੂਰੀ ਨਵੀਂ ਪੀੜੀ ਰਿਸ਼ਤਿਆਂ ਦੀ ਕਦਰ ਨਹੀਂ ਕਰਦੀ। ਬਹੁਤ ਸਾਰੇ ਨੌਜਵਾਨ ਆਪਣੇ ਮਾਪਿਆਂ, ਦਾਦਾ-ਦਾਦੀ ਅਤੇ ਪਰਿਵਾਰ ਪ੍ਰਤੀ ਪੂਰੀ ਜ਼ਿੰਮੇਵਾਰੀ ਅਤੇ ਸਤਿਕਾਰ ਦਿਖਾਉਂਦੇ ਹਨ। ਅਸਲ ਵਿੱਚ ਸਮੇਂ ਦੇ ਨਾਲ ਰਿਸ਼ਤਿਆਂ ਨੂੰ ਨਿਭਾਉਣ ਦੇ ਤਰੀਕੇ ਬਦਲੇ ਹਨ, ਪਰ ਉਨ੍ਹਾਂ ਦੀ ਮਹੱਤਤਾ ਅਜੇ ਵੀ ਕਾਇਮ ਹੈ।

ਲੋੜ ਇਸ ਗੱਲ ਦੀ ਹੈ ਕਿ ਪਰਿਵਾਰਾਂ ਵਿੱਚ ਸੰਵਾਦ ਵਧਾਇਆ ਜਾਵੇ, ਬੱਚਿਆਂ ਨੂੰ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਸਿੱਖਿਆ ਦਿੱਤੀ ਜਾਵੇ ਅਤੇ ਇਕੱਠੇ ਸਮਾਂ ਬਿਤਾਉਣ ਦੀ ਪਰੰਪਰਾ ਨੂੰ ਮੁੜ ਜੀਵੰਤ ਕੀਤਾ ਜਾਵੇ। ਜਦੋਂ ਪਰਿਵਾਰਕ ਮੁੱਲਾਂ ਅਤੇ ਆਧੁਨਿਕ ਸੋਚ ਵਿਚਕਾਰ ਸੰਤੁਲਨ ਬਣੇਗਾ, ਤਾਂ ਨਵੀਂ ਪੀੜੀ ਨਾ ਸਿਰਫ਼ ਰਿਸ਼ਤਿਆਂ ਦਾ ਮਹੱਤਵ ਸਮਝੇਗੀ, ਸਗੋਂ ਉਨ੍ਹਾਂ ਨੂੰ ਮਜ਼ਬੂਤੀ ਨਾਲ ਨਿਭਾਏਗੀ ਵੀ।

ਅੰਤ ਵਿੱਚ, ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਨਵੀਂ ਪੀੜੀ ਰਿਸ਼ਤਿਆਂ ਦਾ ਮਹੱਤਵ ਨਹੀਂ ਸਮਝਦੀ, ਇਸ ਦੀ ਬਜਾਏ ਇਹ ਕਿਹਾ ਜਾਵੇ ਕਿ ਰਿਸ਼ਤਿਆਂ ਨੂੰ ਦੇਖਣ ਅਤੇ ਨਿਭਾਉਣ ਦਾ ਉਨ੍ਹਾਂ ਦਾ ਤਰੀਕਾ ਬਦਲ ਗਿਆ ਹੈ।

ਸਮਾਜ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਪੁਰਾਣੀਆਂ ਕਦਰਾਂ ਅਤੇ ਨਵੀਂ ਸੋਚ ਵਿਚਕਾਰ ਇੱਕ ਸੁੰਦਰ ਪੁਲ ਦਾ ਨਿਰਮਾਣ ਕਰਨ।




WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ,
ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
**3 ਦਿਨ ਦਾ ਮੁਫ਼ਤ TRIAL ਮਿਲੇਗਾ!**
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਚਲਾਨ

ਈਰਾਨ-ਅਮਰੀਕਾ ਵਿਚਕਾਰ ਜੰਗ ਚੱਲ ਰਹੀ ਸੀ। ਕੋਈ ਵੀ ਦੇਸ਼ ਪਿੱਛੇ ਹਟਣ ਨੂੰ ਤਿਆਰ ਨਹੀਂ ਸੀ। ਹਰ ਤਰ੍ਹਾਂ ਦੇ ਸ਼ਾਂਤੀ ਸਮਝੌਤੇ ਅਸਫ਼ਲ ਹੋ ਰਹੇ ਸਨ। ਭਾਰਤ ਸਮੇਤ ਹੋਰ ਦੇਸ਼ਾਂ ਵਿੱਚ ਪੈਟਰੋਲ, ਡੀਜ਼ਲ, ਗੈਸ ਦਾ ਬੁਰਾ ਹਾਲ ਸੀ। ਸੋਨੇ-ਚਾਂਦੀ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ ਸਨ। ਹੋਰ ਤਾਂ ਹੋਰ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਤੇਲ-ਗੈਸ ਮਹਿੰਗੇ ਹੋਣ ਕਰਕੇ ਹਾਹਾਕਾਰ ਮੱਚੀ ਹੋਈ ਸੀ। ਦੇਸ਼ ਦੇ ਪ੍ਰਧਾਨਮੰਤਰੀ ਅਤੇ ਸੂਬਾ ਸਰਕਾਰਾਂ ਵੱਲੋਂ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ। ਤੇਲ-ਗੈਸ ਦੀ ਖਪਤ ਘਟਾਉਣ ਅਤੇ ਸੋਨਾ-ਚਾਂਦੀ ਨਾ ਖਰੀਦਣ ਦੀਆਂ ਸੂਚਨਾਵਾਂ ਜਾਰੀ ਹੋਈਆਂ। ਆਮ ਲੋਕ ਸੋਨਾ-ਚਾਂਦੀ ਤਾਂ ਘੱਟ ਖਰੀਦ ਲੈਣਗੇ, ਪਰ ਤੇਲ-ਗੈਸ ਤੋਂ ਬਿਨਾਂ ਕਿਵੇਂ ਸਰੇਗਾ! ਸਰਕਾਰਾਂ ਨੇ ਇਹਦਾ ਹੱਲ ਇਹ ਸੋਚਿਆ ਕਿ ਸਾਰੇ ਦਫ਼ਤਰ ਹਫ਼ਤੇ ਵਿੱਚ ਦੋ ਦਿਨ ਘਰੋਂ ਆਨਲਾਈਨ ਕੰਮ ਕਰਨਗੇ, ਵ੍ਹੀਕਲਾਂ ਦੀ ਵਰਤੋਂ ਘੱਟ ਕੀਤੀ ਜਾਵੇ-ਯਾਨੀ ਪੈਟਰੋਲ, ਡੀਜ਼ਲ ਨੂੰ ਸੰਕੋਚ ਕੇ ਵਰਤਿਆ ਜਾਵੇ, ਸਾਈਕਲ ਨੂੰ ਤਰਜੀਹ ਦਿੱਤੀ ਜਾਵੇ।... ਹਰਿੰਦਰ ਨੇ ਆਪਣੇ ਦੋਸਤਾਂ ਸੰਜੀਵ ਅਤੇ ਮਨਦੀਪ ਨਾਲ ਫ਼ੋਨ ਤੇ ਗੱਲ ਕੀਤੀ, "ਯਾਰ, ਆਪਾਂ ਯੂਨੀਵਰਸਿਟੀ 'ਚ ਅੱਡ-ਅੱਡ ਜਾਣ ਦੀ ਥਾਂ ਇਕੱਠੇ ਹੀ ਨਾ ਚੱਲਿਆ ਕਰੀਏ! ਕਦੇ ਇੱਕ ਜਣਾ ਆਪਣਾ ਮੋਟਰਸਾਈਕਲ ਕੱਢ ਲਿਆ ਕਰੇ, ਕਦੇ ਦੂਜਾ।" "ਗੱਲ ਤਾਂ ਤੇਰੀ ਠੀਕ ਹੈ, ਇਸ ਤਰ੍ਹਾਂ ਆਪਾਂ ਤੇਲ ਦੀ ਖਪਤ ਘੱਟ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਾਂਗੇ।" ਸੰਜੀਵ ਤੇ ਮਨਦੀਪ ਨੇ ਆਪਣੀ ਸਹਿਮਤੀ ਪ੍ਰਗਟਾਈ। ਇੱਕ ਦਿਨ ਰਾਹ ਵਿੱਚ ਪੁਲੀਸ ਨਾਕੇ ਤੇ ਟ੍ਰੈਫ਼ਿਕ ਪੁਲੀਸ ਨੇ ਰੋਕ ਕੇ ਇੱਕੋ ਮੋਟਰਸਾਈਕਲ ਤੇ ਤਿੰਨ ਜਣੇ ਬੈਠੇ ਹੋਣ ਕਰਕੇ ਚਲਾਨ ਕੱਟ ਦਿੱਤਾ, ਤਾਂ ਸੰਜੀਵ ਝੱਟ ਬੋਲਿਆ, "ਵੇਖੋ ਜਨਾਬ, ਅਸੀਂ ਤਾਂ ਪੈਟਰੋਲ ਬਚਾਉਣ ਦੇ ਮੰਤਵ ਵਜੋਂ ਹੀ ਇਹ ਕਦਮ ਉਠਾਇਆ ਹੈ। ਸਾਡੇ ਬਾਕੀ ਕਾਗਜ਼-ਪੱਤਰ ਪੂਰੇ ਹਨ, ਹੈਲਮੈਟ ਵੀ ਸਾਡੇ ਸਿਰਾਂ ਤੇ ਹਨ। ਜੇ ਸਰਕਾਰੀ ਮੁਲਾਜ਼ਮ ਹੀ ਪੈਟਰੋਲ ਬਚਾਉਣ ਦੇ ਕੰਮਾਂ ਵਿੱਚ ਰੁਕਾਵਟ ਬਣਨਗੇ ਤਾਂ ਅਸੀਂ ਅੱਗੇ ਤੋਂ ਆਪੋ-ਆਪਣੇ ਮੋਟਰਸਾਈਕਲਾਂ ਤੇ ਆ ਜਾਇਆ ਕਰਾਂਗੇ...।" ਟ੍ਰੈਫ਼ਿਕ ਪੁਲੀਸ ਦੁਬਿਧਾ ਵਿੱਚ ਸੀ ਕਿ ਉਹ ਚਲਾਨ ਕੱਟੇ ਜਾਂ ਨਾ...।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# .ਗਜ਼ਲ

ਜੋਮਿਣਿਆਂ ਜਾ ਨਹੀਂ ਸਕਦਾ ਉਹ ਸੱਚਾ ਪਿਆਰ ਹੈ ਪਤਨੀ।
ਸਹਾਰੇ ਤੇ ਕਿਨਾਰੇ ਦੇ ਲਈ ਇਕਰਾਰ ਹੈ ਪਤਨੀ।
ਧਰਤ ਅੰਬਰ ਨੂੰ ਰੁਸ਼ਨਾਵੇ ਕਰੇ ਪਰਿਵਾਰ ਦੇ ਵਿਚ ਲੋਅ,
ਸਵੇਰੇ ਦੀ ਸੁਰਖ਼ ਲਾਲੀ ਜਿਹਾ ਦੀਦਾਰ ਹੈ ਪਤਨੀ।
ਮਿਲੇ ਵਿਸ਼ਵਾਸ ਪੂਰੀ ਕਾਮਨਾ ਹੋਵੇ ਮੁਰਾਦਾਂ ਵਿਚ,
ਕਿਸੇ ਮੰਦਿਰ ਦੀ ਪੂਜਾ ਵਾਂਗਰਾਂ ਸਤਿਕਾਰ ਹੈ ਪਤਨੀ।
ਭਵਿਖ ਤੇ ਬੀਤ ਚੁੱਕੇ ਵਕਤ ਦੀ ਕਰਦੀ ਹੈ ਅਗਵਾਈ,
ਬਣਾਵੇ ਪੀੜੀਆਂ ਦੀ ਹੋਂਦ ਸਭਿਆਚਾਰ ਹੈ ਪਤਨੀ।
ਇਹਦੇ ਉਪਰ ਹੀ ਛੱਤਾਂ ਦੀ ਖੜ੍ਹੀ ਹੈ ਹੋਂਦ ਸਦੀਆਂ ਤੋਂ,
ਦਲੇਰੀ ਦੀ ਤਮੰਨਾ ਵਿਚ ਖੜ੍ਹੀ ਦੀਵਾਰ ਹੈ ਪਤਨੀ।
ਛੁਪਾਏ ਜ਼ਿੰਦਗੀ ਦੇ ਰਾਜ ਐਪਰ ਸੀਅ ਨਹੀਂ ਕਰਦੀ,
ਮਨੋਰਥ ਸਾਧਨਾ ਦਾ ਮੇਲ ਹੈ ਦਿਲਦਾਰ ਹੈ ਪਤਨੀ।
ਅਨੇਕਾਂ ਖ਼ੂਬਸੂਰਤ ਫੁਲ ਇਹਦੀ ਟਹਿਣੀਂ ਨੂੰ ਪੈਂਦੇ ਨੇ,
ਬਹਾਰਾਂ ਪਛਝੜਾਂ ਦੇ ਮੇਲ ਦਾ ਗੁਲਜ਼ਾਰ ਹੈ ਪਤਨੀ।
ਪਤੀ ਦੀ ਆਸ ਨੂੰ ਖ਼ੁਸ਼ਬੂ ਦਵੇ ਸ਼ੁਹਰਤ ਬਖ਼ਸ਼ਦੀ ਹੈ,
ਅਨੇਕਾਂ ਖ਼ੂਬਸੂਰਤ ਫੁੱਲਾਂ ਵਾਲਾ ਹਾਰ ਹੈ ਪਤਨੀ।
ਇਹੋ ਨਾਰੀਸ਼ਵਰ ਅਰਧਾਂਗਨੀ ਦੇਅ ਅਰਥ ਰੱਖਦੀ ਹੈ,
ਸਬਰ ਸੰਤੋਖ ਦੀ ਦੁਨੀਆਂ ਦਾ ਇਕ ਸ਼ਿੰਗਾਰ ਹੈ ਪਤਨੀ।
ਖਿੜ੍ਹੇ ਤਾਂ ਵਿਹੜਿਆਂ ਅੰਦਰ ਮੁਲਾਇਮ ਤਰਲਤਾ ਆਵੇ,
ਸੁਭਾਅ ਦੀ ਨਿਮਰਤਾ ਕੋਮਲ ਅਦਾ ਕਚਨਾਰ ਹੈ ਪਤਨੀ।
ਅਨੇਕਾਂ ਦੁੱਖਾਂ ਸੁੱਖਾਂ ਨੂੰ ਖ਼ਾਮੋਸ਼ੀ ਨਾਲ ਰਖਦੀ ਹੈ,
ਗੁਣਾਂ ਦੀ ਖਾਨ ਹੈ ਰਹਿਮ ਦਾ ਭੰਡਾਰ ਹੈ ਪਤਨੀ।
ਜਿਵੇਂ ਅੰਬਰ ਕਲੇਜੇ ਨਾਲ ਰਖਦਾ ਤਾਰੇ ਸੂਰਜ ਚੰਨ,
ਪਤੀ ਦੀ ਹਰ ਖੁਸ਼ੀ ਹਰ ਗ਼ਮ ਦੀ ਪਹਿਰੇਦਾਰ ਹੈ ਪਤਨੀ।
ਕਈ ਭਗਵਾਨ ਕਈ ਸਵਰਗ ਇਹਦੇ ਸਮਤੋਲ ਨਾ ਹੋਵਣ,
ਖ਼ੁਦਾ ਹੈ ਜਿਗਰ ਹੈ ਸੰਸਾਰ ਹੈ ਇਕ ਯਾਰ ਹੈ ਪਤਨੀ।
ਧਰਮ ਹੈ ਕਰਮ ਹੈ ਸਵਰਗ ਹੈ ਤੀਰਥ ਯਾਤਰਾ ਹੈ ਇਹ,
ਮਨੋਰਥ ਦੇ ਸਮਰਪਿਤ ਸਾਥ ਵਿਚ ਪਰਿਵਾਰ ਹੈ ਪਤਨੀ।
ਇਹਦੇ ਵਿਚ ਦੋਸਤੀ ਸ਼ਾਲੀਨਤਾ ਦੇ ਫੁਟਦੇ ਨੇ ਅੰਕੁਰ,
ਕਿਸੇ ਪੌਦੇ ਤੋਂ ਪਹਿਲਾਂ ਬੀਜ ਦਾ ਆਧਾਰ ਹੈ ਪਤਨੀ।
ਅਪੂਰਨ ਨੂੰ ਕਰੇ ਪੂਰਨ ਕਰੇ ਸਾਕਾਰਤਮਿਕ ਚਿੰਤਨ,
ਘਰਾਂ ਦੇ ਪਿਆਰ ਅੰਦਰ ਸਾਧਨਾ ਉਪਕਾਰ ਹੈ ਪਤਨੀ।
ਹਮੇਸ਼ਾਂ ਪੁਲ ਦੇ ਵਾਗੂੰ ਬਾਲਮਾ ਮੈਂ ਜ਼ਿੰਦਾ ਰਹਿਣਾ ਹੈ,
ਮੇਰੇ ਦਿਲ ਦੀ ਨਦੀ ਦੇ ਆਰ ਤੇ ਫਿਰ ਪਾਰ ਹੈ ਪਤਨੀ।



ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

LARRY T. NIERMEYER
Attorney at Law



OFFERING SERVICES IN
THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# JK TYRE INC

## JKTYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

STEER TIRE
295/75R22.5

With Installation
Singh: 510-766-9382

SPECIAL OFFER !!



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

# S. Singh Cell: (510) 766-9382

## 2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD
TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

SANJHI SOCH TV & DAILY NEWSPAPER



TO EXPAND YOUR BUSINESS
IN INDIAN COMMUNITY

Through Newspaper & T.V,
Advertise with us just as
low as $100 PER MONTH.




Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ
ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ
ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।
ਸੰਪਰਕ: +1 (209) 303-1260